





Llywodraeth Cymru
Welsh Government

www.cymru.gov.uk

# ਅੱਜ ਸਕੂਲ ਕਿਵੇਂ ਸੀ?

## ਮਾਪਿਆਂ ਅਤੇ ਨਿਗਰਾਨਾਂ ਲਈ ਸੈਕੰਡਰੀ ਸਕੂਲ ਬਾਰੇ ਗਾਈਡ

**11–14 ਉਮਰ**





# ਵਿਸ਼ਾ-ਵਸਤੂ


ਮੇਰਾ ਬੱਚਾ ਕੀ ਸਿੱਖ ਰਿਹਾ ਹੈ? 4

ਪੜ੍ਹਨ ਅਤੇ ਹਿਸਾਬੀ ਗਿਆਨ ਦੇ ਟੈਸਟ ਕੀ ਹਨ? 14

ਮੈਂ ਆਪਣੇ ਬੱਚੇ ਦੀ ਪੜ੍ਹਾਈ ਵਿੱਚ ਕਿਵੇਂ ਮਦਦ ਕਰ ਸਕਦਾ/ਸਕਦੀ ਹਾਂ? 16

ਮੇਰੇ ਬੱਚੇ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ? 20

ਸਕੂਲ ਦੀਆਂ ਰਿਪੋਰਟਾਂ 24

ਬਿਨਾਂ ਕਿਸੇ ਅੜਚਨ ਦੇ ਕੀਹ ਸਟੇਜ 4 ਵਿੱਚ ਜਾਣਾ 26

ਉਪਯੋਗੀ ਸੰਪਰਕ 30




ISBN: 978-0-7504-9403-8
WG17867 Punjabi
© ਕ੍ਰਾਊਨ ਕਾਪੀਰਾਈਟ ਫਰਵਰੀ 2013

ਵੈਲਸ਼ ਸਰਕਾਰ ਦਾ ਇਹ ਮੰਨਣਾ ਹੈ ਕਿ ਨਾਬਾਲਗ ਸਿੱਖਿਆਰਥੀਆਂ ਨੂੰ ਭਵਿੱਖ ਵਾਸਤੇ ਮਜ਼ਬੂਤ ਬੁਨਿਆਦ ਮੁਹੱਈਆ ਕਰਨ ਨਾਲ ਬੱਚਿਆਂ ਦਾ ਅਤੇ ਪੂਰੀ ਵੇਲਜ਼ ਦਾ ਲੰਬੇ ਸਮੇਂ ਵਿਚ ਫਾਇਦਾ ਹੁੰਦਾ ਹੈ।

ਮਾਪੇ ਅਤੇ ਨਿਗਰਾਨ ਆਪਣੇ ਬੱਚਿਆਂ ਦੀ ਸਿੱਖਿਆ ਵਿਚ ਮਦਦ ਕਰਨ ਅਤੇ, ਉਸ ਤੋਂ ਅਹਿਮ, ਸਕੂਲ ਅਤੇ ਸਿੱਖਿਆ ਦਾ ਆਨੰਦ ਮਾਨਣ ਵਿਚ ਇਕ ਅਤਿ-ਅੱਵਸ਼ਕ ਭੂਮਿਕਾ ਅਦਾ ਕਰਦੇ ਹਨ।

ਤੁਹਾਡਾ ਬੱਚਾ ਸੈਕੰਡਰੀ ਸਕੂਲ ਵਿਚ ਕੀ ਸਿੱਖ ਰਿਹਾ ਹੈ ਇਹ ਗਾਈਡ ਤੁਹਾਨੂੰ ਇਸ ਬਾਰੇ ਵਧੇਰੇ ਜਾਣਕਾਰੀ ਮੁਹੱਈਆ ਕਰਦੀ ਹੈ। ਇਹ ਤੁਹਾਨੂੰ ਕੁਝ ਅਜਿਹੇ ਭਾਵ ਦੱਸੇਗੀ ਜਿਨ੍ਹਾਂ ਰਾਹੀ ਤੁਸੀਂ ਆਪਣੇ ਬੱਚੇ ਦੀ ਮਦਦ ਕਰ ਸਕਦੇ ਹੋ। ਵਧੇਰੇ ਜਾਣਕਾਰੀ ਕਿੱਥੋਂ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਤੁਹਾਡੇ ਬੱਚੇ ਦੀ ਉਨੱਤੀ ਕਿਵੇਂ ਨਿਯਮਿਤ ਕੀਤਾ ਜਾਵੇਗਾ ਅਤੇ ਉਸ ਦੀ ਤੁਹਾਡੇ ਤੱਕ ਰਿਪੋਰਟ ਬਾਰੇ ਵੀ ਇਹ ਤੁਹਾਨੂੰ ਜਾਣਕਾਰੀ ਮੁਹੱਈਆ ਕਰੇਗੀ।

ਵੇਲਜ਼ ਵਿਚ ਬੱਚਿਆਂ ਦੀ ਸਿੱਖਿਆ ਚਾਰ ਹਿੱਸਿਆਂ ਜਾਂ ਪੜਾਂਵਾਂ ਵਿਚ ਵੰਡੀ ਹੋਈ ਹੈ।

**ਪ੍ਰਾਇਮਰੀ ਸਕੂਲ**

**1**

ਫਾਉਂਡੇਸ਼ਨ ਫੇਜ਼
ਉਨ੍ਹਾਂ ਬੱਚਿਆਂ ਵਾਸਤੇ ਹੈ ਜਿਨ੍ਹਾਂ ਦੀ ਉਮਰ 3 ਅਤੇ 7 ਦੇ ਦਰਮਿਆਨ ਹੈ।

**2**

ਕੀਹ ਸਟੇਜ 2
ਉਨ੍ਹਾਂ ਵਾਸਤੇ ਹੈ ਜਿਨ੍ਹਾਂ ਦੀ ਉਮਰ 7 ਅਤੇ 11 ਦੇ ਦਰਮਿਆਨ ਹੈ।

**ਸੈਕੰਡਰੀ ਸਕੂਲ**

**3**

ਕੀਹ ਸਟੇਜ 3
ਉਨ੍ਹਾਂ ਸਿੱਖਿਆਰਥੀਆਂ ਵਾਸਤੇ ਹੈ ਜਿਨ੍ਹਾਂ ਦੀ ਉਮਰ 11 ਅਤੇ 14 ਸਾਲ ਦੇ ਦਰਮਿਆਨ ਹੈ।

**4**

ਕੀਹ ਸਟੇਜ 4
ਉਨ੍ਹਾਂ ਸਿੱਖਿਆਰਥੀਆਂ ਵਾਸਤੇ ਹੈ ਜਿਨ੍ਹਾਂ ਦੀ ਉਮਰ 14 ਅਤੇ 16 ਸਾਲ ਦੇ ਦਰਮਿਆਨ ਹੈ।

ਇਹ ਗਾਈਡ ਉਸ ਪਾਠਕ੍ਰਮ ਬਾਰੇ ਦੱਸਦੀ ਹੈ ਜਿਹੜਾ ਉਨ੍ਹਾਂ ਬੱਚਿਆਂ ਉਤੇ ਲਾਗੂ ਹੁੰਦਾ ਹੈ ਜਿਹੜੇ ਸੈਕੰਡਰੀ ਸਕੂਲਾਂ ਵਿਚ 7 ਅਤੇ 11 ਸਾਲ ਦੀ ਉਮਰ ਦੇ ਦਰਮਿਆਨ ਅਤੇ ਕੀਹ ਸਟੇਜ 3 ਵਿਚ ਹਨ।

ਤੁਸੀਂ ਆਪਣੇ ਬੱਚੇ ਦੀ ਸਿੱਖਿਆ ਦੇ ਹੋਰ ਪੜਾਵਾਂ ਬਾਰੇ ਵਧੇਰੇ ਜਾਣਕਾਰੀ ਇਥੋਂ ਪ੍ਰਾਪਤ ਕਰ ਸਕਦੇ ਹੋ www.wales.gov.uk/educationandskills

# ਮੇਰਾ ਬੱਚਾ ਕੀ ਸਿੱਖ ਰਿਹਾ ਹੈ?



ਇਸ ਉਮਰ ਦੇ ਬੱਚੇ ਸਿੱਖਿਆ ਦੇ ਉਸ ਪ੍ਰੋਗਰਾਮ ਤੇ ਚੱਲਦੇ ਹਨ ਜਿਹੜਾ ਰਾਸ਼ਟਰੀ ਪਾਠਕ੍ਰਮ ਹੇਠ ਕੀਹ ਸਟੇਜ 3 ਵਾਸਤੇ ਪੱਕਾ ਕੀਤਾ ਗਿਆ ਹੈ। ਉਨ੍ਹਾਂ ਦੀ ਸਿੱਖਿਆ ਦੀ ਉਸਾਰੀ ਪ੍ਰਾਇਮਰੀ ਸਕੂਲ ਵਿਚ ਪ੍ਰਾਪਤ ਕੀਤੀ ਸਿੱਖਿਆ ਅਤੇ ਤਜਰਬਿਆਂ ਉਤੇ ਕੀਤੀ ਜਾਵੇਗੀ ਅਤੇ ਆਉਣ ਵਾਲੇ ਸਮੇਂ ਵਿਚ ਜਿਹੜੇ ਪਰੀਖਿਆ ਵਾਲੇ ਪਾਠਕ੍ਰਮ ਉਹ ਆਪਣੀ ਸੈਕੰਡਰੀ ਸਿੱਖਿਆ ਲਈ ਚੁਣਦੇ ਹਨ ਉਨ੍ਹਾਂ ਵਾਸਤੇ ਬੱਚਿਆਂ ਨੂੰ ਤਿਆਰ ਕੀਤਾ ਜਾਵੇਗਾ।

ਕੀਹ ਸਟੇਜ 3 ਵਿਚ ਜਿਹੜਾ ਪਾਠਕ੍ਰਮ ਹੈ ਉਸ ਦੀ ਰੂਪ-ਰੇਖਾ ਵਿਸ਼ਿਆਂ ਅਤੇ ਨਿਪੁੰਨਤਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਬਣਾਈ ਗਈ ਹੈ। ਇਹ ਰੂਪ-ਰੇਖਾ ਭਾਸ਼ਾਵਾਂ, ਹਿਸਾਬ ਅਤੇ ਵਿਗਿਆਨ ਵਿਚ ਮਜ਼ਬੂਤ ਬੁਨਿਆਦ ਮੁਹੱਈਆ ਕਰਦੀ ਹੈ, ਅਤੇ ਸਿੱਖਿਆਰਥੀਆਂ ਨੂੰ ਮੌਕਾ ਦਿੰਦੀ ਹੈ ਕਿ ਉਹ ਵਿਸ਼ਾਲ ਅਤੇ ਸੰਤੁਲਿਤ ਪਾਠਕ੍ਰਮ ਹੇਠ ਚੰਗੀ ਤੋਂ ਚੰਗੀ ਪ੍ਰਾਪਤੀ ਹਾਸਲ ਕਰ ਸਕਣ।

ਚੰਗੇ ਕਿਤਾਬੀ ਅਤੇ ਹਿਸਾਬੀ ਗਿਆਨ ਦੀ ਨਿਪੁੰਨਤਾਵਾਂ ਨੂੰ ਵਿਕਸਿਤ ਕਰਨਾ, ਅਤੇ ਉਨ੍ਹਾਂ ਦਾ ਕਈ ਤਰ੍ਹਾਂ ਦੀਆਂ ਸਥਿਤੀਆਂ ਵਿਚ ਪ੍ਰਯੋਗ ਕਰਨਾ, ਇਹ ਸੈਕੰਡਰੀ ਸਕੂਲਾਂ ਵਿਚ ਬੱਚਿਆਂ ਦੀ ਸਿੱਖਿਆ ਦਾ ਕੇਂਦਰ ਹੈ।

ਅਸੀਂ ਚਾਹੁੰਦੇ ਹਾਂ ਕਿ ਸਾਰੇ ਹੀ ਯੁਵਾ ਲੋਕ ਭਵਿੱਖ ਵਿਚ ਆਉਣ ਵਾਲੀ ਸਿੱਖਿਆ ਅਤੇ ਜੀਵਨ ਨਾਲ ਜੁੜੀਆਂ ਚੋਣਾਂ ਨੂੰ ਪੜ੍ਹ, ਲਿੱਖ ਅਤੇ ਨੰਬਰਾਂ ਦਾ ਪ੍ਰਭਾਵਸ਼ਾਲੀ ਰੂਪ ਵਿਚ ਇਸਤਿਮਾਲ ਕਰਕੇ ਅਸਾਨੀ ਨਾਲ ਬਣਾ ਸਕਣ।

ਤੁਹਾਡਾ ਬੱਚਾ ਇਕ ਅਜਿਹੇ ਭਰਭੂਰ ਅਤੇ ਵਿਵਿਧ ਪਾਠਕ੍ਰਮ ਤੇ ਚੱਲੇਗਾ ਜਿਹੜਾ ਉਸ ਨੂੰ ਹੇਠ ਵਿਸ਼ਿਆਂ ਉਤੇ ਵਧੇਰੇ ਸਿੱਖਿਆ ਹਾਸਿਲ ਕਰਨ ਦਾ ਮੌਕਾ ਦਵੇਗਾ:

- ਅੰਗਰੇਜ਼ੀ • ਵੈਲਸ਼ ਜਾਂ ਵੈਲਸ਼ ਦੂਜੀ ਜ਼ੁਬਾਨ ਵੱਜੋ
- ਹਿਸਾਬ • ਵਿਗਿਆਨ
- ਡੀਜ਼ਾਇਨ ਅਤੇ ਤਕਨਾਲੋਜੀ
- ਇੰਨਫੋਰਮੇਸ਼ਨ ਐਂਡ ਕਮਿਊਨਿਕੇਸ਼ਨ ਤਕਨਾਲੋਜੀ (ਆਈ ਸੀ ਟੀ)
- ਨਵੀਨ ਵਿਦੇਸ਼ੀ ਭਾਸ਼ਾ • ਇਤਿਹਾਸ
- ਭੂਗੋਲ • ਸੰਗੀਤ • ਆਰਟ ਅਤੇ ਡੀਜ਼ਾਇਨ
- ਸਰੀਰਕ ਸਿੱਖਿਆ (ਪੀ ਈ)

ਬੱਚਿਆਂ ਲਈ ਇਹ ਜ਼ਰੂਰੀ ਹੈ ਕਿ ਉਹ ਧਾਰਮਿਕ ਸਿੱਖਿਆ (ਆਰ ਈ) ਜ਼ਰੂਰ ਪੜ੍ਹਨ ਅਤੇ ਸਾਰੇ ਸੈਕੰਡਰੀ ਸਕੂਲਾਂ ਵਿਚ ਕਿਸੇ ਨਾ ਕਿਸੇ ਤਰ੍ਹਾਂ ਦੀ ਨਿਜੀ ਅਤੇ ਸਮਾਜਕ ਸਿੱਖਿਆ (ਪੀ ਐਸ ਈ), ਪੇਸ਼ਾ ਅਤੇ ਕੰਮ–ਕਾਜ ਦੀ ਦੁਨੀਆ ਅਤੇ ਜਿਨਸੀ ਸਿੱਖਿਆ ਵੀ ਉਪਲੱਬਦ ਹੋਵੇ।

ਬੱਚੇ ਕੀ ਪੜ੍ਹਨਗੇ ਅਤੇ ਸਕੂਲ ਦਾ ਕੰਮ–ਕਾਜੀ ਦਿੰਨ ਕਿਵੇਂ ਸੰਗਠਿਤ ਕੀਤਾ ਜਾਵੇਗਾ ਇਸ ਗੱਲ ਦਾ ਨਿਰਨੇ ਹਰ ਸਕੂਲ ਆਪ ਹੀ ਕਰਦਾ ਹੈ। ਜਿਹੜੀਆਂ ਜ਼ਰੂਰਤਾਂ ਅਸੀਂ ਸੈਟ ਕਰਦੇ ਹਾਂ ਉਹ ਉਨ੍ਹਾਂ ਨੂੰ ਧਿਆਨ ਵਿਚ ਰੱਖਣਗੇ, ਅਤੇ ਆਪਣੀ ਖ਼ੁਦ ਦੀ ਸਮਾਂ–ਸੂਚੀ ਸੰਗਠਿਤ ਕਰਨਗੇ।



ਅਧਿਆਪਕ ਪਾਠ ਦੀ ਰੂਪਰੇਖਾਂਵਾਂ ਬਣਾਉਂਦੇ ਹਨ ਅਤੇ ਨਿਸ਼ਚਿਤ ਕਰਦੇ ਹਨ ਕਿ ਸਿੱਖਿਆ ਦੇ ਕਿਹੜੇ ਸ੍ਰੋਤ ਅਤੇ ਕਿਸ ਤਰ੍ਹਾਂ ਦੀ ਪਹੁੰਚ ਵਰਤੀ ਜਾਵੇ। ਇਹ ਸਕੂਲ ਦੀ ਜ਼ਿਮੇਵਾਰੀ ਹੈ ਕਿ ਉਹ ਪੱਕਾ ਬਣਾਵੇ ਕਿ ਉਸ ਦਾ ਪਾਠਕ੍ਰਮ ਕਾਨੂੰਨੀ ਲੋੜਾਂ ਨੂੰ ਪੂਰਾ ਕਰਦਾ ਹੈ।

ਤੁਹਾਡੇ ਬੱਚੇ ਦਾ ਸਕੂਲ ਪਾਠਕ੍ਰਮ ਦਾ ਗਠਨ ਅਤੇ ਬੱਚਿਆਂ ਵਿਚ ਨਿਪੁੰਨਤਾਂਵਾਂ ਕਿਵੇਂ ਵਿਕਸਿਤ ਕਰਦਾ ਹੈ, ਇਸ ਦੇ ਨਾਲ ਨਾਲ ਤੁਹਾਡਾ ਬੱਚਾ ਕਿਹੜੇ ਵਿਸ਼ਾ–ਵਸਤੁ ਪੂਰੇ ਕਰੇਗਾ ਇਸ ਬਾਰੇ ਵਧੇਰੇ ਜਾਣਕਾਰੀ ਤੁਹਾਡੇ ਬੱਚੇ ਦਾ ਸਕੂਲ ਤੁਹਾਨੂੰ ਮੁਹੱਈਆ ਕਰ ਸਕਦਾ ਹੈ।

ਤੁਸੀਂ ਵੇਲਜ਼ ਵਿਚ ਸਿੱਖਿਆ ਅਤੇ ਪਾਠਕ੍ਰਮ ਉਤੇ ਵਧੇਰੇ ਜਾਣਕਾਰੀ ਇਥੋਂ ਪ੍ਰਾਪਤ ਕਰ ਸਕਦੇ ਹੋ www.wales.gov.uk/educationandskills

# ਅੰਗ੍ਰੇਜ਼ੀ ਜਾਂ ਵੈਲਸ਼

ਬੱਚੇ ਬੋਲਣ ਅਤੇ ਸੁਣਨ, ਪੜ੍ਹਨ ਅਤੇ ਲਿਖਣ ਦੇ ਪ੍ਰੋਗਰਾਮ ਵਿਚ ਭਾਗ ਲੈਣਗੇ।

ਰੁਝੇਵੇ ਇਹ ਪੱਕਾ ਬਣਾਉਣਗੇ ਕਿ ਬੱਚੇ ਪ੍ਰਭਾਵਸ਼ਾਲੀ ਅਤੇ ਸੰਵੇਦਨਸ਼ੀਲ ਸ੍ਰੋਤਿਆਂ, ਦਰਸ਼ਕਾਂ ਅਤੇ ਸਪੀਕਰ ਵੱਜੋਂ ਵਿਕਸਿਤ ਹੋਣ।

ਬੱਚੇ ਆਨੰਦ, ਦਿਲਚਸਪੀ ਅਤੇ ਜਾਣਕਾਰੀ ਵਾਸਤੇ ਵਿਸ਼ਾਲ ਸ੍ਰੋਤ ਪੜ੍ਹਨਗੇ ਅਤੇ ਆਪਣੀ ਪੜ੍ਹਾਈ ਬਾਰੇ ਆਪਣੀ ਸੂਚਿਤ ਨਿਜੀ ਰਾਇ ਵਿਕਸਿਤ ਕਰਨਗੇ ਅਤੇ ਇਸ ਦੀ ਵਿਆਖਿਆ ਵੀ ਕਰਨਗੇ।

ਉਨ੍ਹਾਂ ਨੂੰ ਪੇਸ਼ ਕੀਤੇ ਜਾਣ ਵਾਲੇ ਅਨੁਭਵਾਂ ਵਿਚ ਡਰਾਮਿਆਂ ਵਿਚ ਭਾਗ ਲੈਣਾ ਅਤੇ ਰੋਲ-ਪਲ੍ੇ ਵਰਗੇ ਰੁਝੇਵੇਂ ਵੀ ਸ਼ਾਮਲ ਹਨ।

ਰਸਮ ਦੇ ਇਕ ਵਾਜਬ ਮਿਆਰ ਦਾ ਪ੍ਰਯੋਗ ਕਰਦੇ ਹੋਏ ਉਹ ਵੱਖ-ਵੱਖ ਮਕਸਦਾਂ ਅਤੇ ਸ੍ਰੋਤਾਗਣ ਵਾਸਤੇ ਆਪਣੀ ਬੋਲੀ ਨੂੰ ਅਨੁਕੂਲ ਬਣਾਉਣਾ ਵੀ ਸਿਖਣਗੇ।



# ਵੈਲਸ਼ ਦੂਸਰੀ ਜ਼ੁਬਾਨ

ਜਿਵੇਂ-ਜਿਵੇਂ ਬੱਚੇ ਵੈਲਸ਼ ਬੋਲਣ ਵਿਚ ਆਤਮ-ਵਿਸ਼ਵਾਸ ਹਾਸਿਲ ਕਰਦੇ ਹਨ, ਉਹ ਜ਼ੁਬਾਨੀ, ਪੜ੍ਹਾਈ ਅਤੇ ਲਿਖਾਈ ਦੇ ਪ੍ਰੋਗਰਾਮ ਰਾਹੀ ਆਪਣੀਆਂ ਨਿਪੁੰਨਤਾਵਾਂ, ਗਿਆਨ ਅਤੇ ਸਮਝ ਦੀ ਉਸਾਰੀ ਕਰਦੇ ਹਨ।

ਬੱਚਿਆਂ ਦੀਆਂ ਸ੍ਰੋਤਿਆਂ, ਦਰਸ਼ਕਾਂ ਅਤੇ ਵਕਤਾਵਾਂ ਵੱਜੋਂ ਸਮਰਥਾਵਾਂ ਵਿਕਸਿਤ ਹੋਣਗੀਆਂ ਅਤੇ ਹੋਰ ਵਧਣਗੀਆਂ ਅਤੇ ਉਹ ਹੋਰ ਵੀ ਰਵਾਨਗੀ ਨਾਲ ਬੋਲਣਗੇ।

ਉਨ੍ਹਾਂ ਨੂੰ ਪੇਸ਼ ਕੀਤੇ ਜਾਣ ਵਾਲੇ ਅਨੁਭਵਾਂ ਵਿਚ ਡਰਾਮਿਆਂ ਵਿਚ ਭਾਗ ਲੈਣਾ ਅਤੇ ਰੋਲ-ਪਲ੍ਹੇ ਵਰਗੇ ਰੁਝੇਵੇਂ ਵੀ ਸ਼ਾਮਲ ਹਨ।

ਉਹ ਆਪਣੀ ਸਿੱਖਿਆ ਦੀ ਸਮੱਗਰੀ ਬਾਰੇ ਆਪਣੀ ਨਿਜੀ ਰਾਇ ਪੇਸ਼ ਕਰ ਸਕਣਗੇ, ਵਿਸ਼ਾ-ਵਸਤੂ ਅਤੇ ਸ਼ੈਲੀ ਤੇ ਮੁਨਾਸਿਬ ਪ੍ਰਤਿਕਿਰਿਆ ਕਰਨਗੇ।



# ਹਿਸਾਬ

ਬੱਚੇ ਹਿਸਾਬ ਨਾਲ ਜੁੜੀਆਂ ਸਮੱਸਿਆਵਾਂ ਨੂੰ ਹੱਲ ਕਰਕੇ, ਨਾਵਾਕਿਫ ਸਮੱਸਿਆਵਾਂ ਜਾਂ ਨਾਵਾਕਿਫ ਪਰਿਸਥਿਤੀਆਂ, ਲਿਖਤੀ ਅਤੇ ਜ਼ੁਬਾਨੀ ਕੰਮ ਵਿਚ ਸਮੱਸਿਆਵਾਂ ਨਾਲ ਵੱਧਵੇਂ ਆਤਮ-ਵਿਸ਼ਵਾਸ ਅਤੇ ਲੱਚਕ ਨਾਲ ਕੰਮ ਕਰਕੇ, ਆਪਣੇ ਕੀਤੇ ਕੰਮ ਦੇ ਕਾਰਨਾਂ ਬਾਰੇ ਵਿਆਖਿਆ ਕਰਕੇ, ਅਤੇ ਹਿਸਾਬ ਦੀ ਸਾਰੀ ਵੰਨਸੁਵੰਨਤਾ ਅਤੇ ਮਨੁੱਖੀ ਜ਼ਿੰਦਗੀ ਦੀਆਂ ਵਾਸਤਵੀਕ ਸਮੱਸਿਆਵਾਂ ਵਿਚ ਹਿਸਾਬੀ ਪਰਿਸਥਿਤੀਆਂ ਦਾ ਇਸਤੇਮਾਲ ਕਰਕੇ ਆਪਣੀ ਸੋਚ ਨੂੰ ਵਧਾਉਣਗੇ।

ਬੱਚੇ ਆਪਣੀ ਵਿਸ਼ਲੇਸ਼ਣੀ ਬਹਿਸ ਦੀ ਸੋਚ ਨੂੰ ਹੋਰ ਵੀ ਵਧਾਉਣਗੇ ਜਦੋਂ ਉਹ ਕਿਸੇ ਸਮੱਸਿਆ ਨੂੰ ਸੁਲਝਾਉਣ ਵਾਸਤੇ ਅਲਜੈਬਰਾ ਅਤੇ ਜੋਮੈਟਰੀ ਦੇ ਉਪਲੱਬਦ ਕਈ ਵੱਖਰੇ ਵਿਕਲਪਾਂ ਬਾਰੇ ਸਿੱਖਦੇ ਹਨ। ਉਹ ਆਕ੍ਰਿਤੀ ਦੀਆਂ ਵਿਸ਼ੇਸ਼ਤਾਵਾਂ, ਉਸ ਦੀ ਸਥਿਤੀ ਅਤੇ ਗਤੀਵਿਧੀ ਉਤੇ ਕਾਫ਼ੀ ਗੂੜ੍ਹੀ ਸੋਚ ਵਿਕਸਿਤ ਕਰਦੇ ਹਨ ਅਤੇ ਇਸ ਦੇ ਨਾਲ-ਨਾਲ ਉਹ ਵਾਸਤਵਿਕ ਅੰਕੜਿਆਂ ਨੂੰ ਇਕੱਠਾ ਕਰਦੇ ਹਨ, ਉਸ ਨੂੰ ਪ੍ਰਸਤੁਤ ਕਰਦੇ ਹਨ, ਉਸ ਦਾ ਵਿਸ਼ਲੇਸ਼ਨ ਅਤੇ ਵਿਆਖਿਆ ਵੀ ਕਰਦੇ ਹਨ।



# ਵਿਗਿਆਨ

ਸਕੂਲ ਬੱਚਿਆਂ ਨੂੰ ਸਿਖਾਉਣਗੇ ਕਿ ਉਹ ਆਪਣੀਆਂ ਵਿਗਿਆਨੀ ਨਿਪੁੰਨਤਾਵਾਂ, ਗਿਆਨ ਅਤੇ ਸਮਝ ਨੂੰ ਰਣਨੀਤੀਆਂ ਤਿਆਰ ਕਰਨ, ਸਮੱਸਿਆਵਾਂ ਨੂੰ ਸੁਲਝਾਉਣਾ ਅਤੇ ਵਿਆਖਿਆ ਦੇਣ ਅਤੇ ਵਿਗਿਆਨਕ ਵਿਚਾਰਾਂ ਨੂੰ ਵਰਤਮਾਨ ਮੁੱਦਿਆਂ ਸਮੇਤ ਉਹਨਾਂ ਬਾਰੇ ਜਾਣਕਾਰੀ ਨਾਲ ਜੋੜਨਾ ਸਿਖਾਉਣਗੇ।

ਬੱਚਿਆਂ ਨੂੰ ਵਿਗਿਆਨਕਾਂ ਦੇ ਕੰਮਾਂ ਦਾ ਅਧਿਐਨ ਕਰਨ ਦਾ ਮੌਕਾ ਦਿਤਾ ਜਾਵੇਗਾ ਅਤੇ ਵਿਗਿਆਨ ਵਿਚ ਪ੍ਰਯੋਗਾਤਮਕ ਅੰਕੜਿਆਂ ਦੀ ਭੂਮਿਕਾ, ਰਚਨਾਤਮਕ ਸੋਚਣੀ, ਉਨ੍ਹਾਂ ਦੇ ਕੰਮ ਵਿਚ ਮਹੱਤਵ ਅਤੇ ਵਿਗਿਆਨਕ ਜੁਗਤਾਂ ਵਿਕਸਿਤ ਕਰਨ ਦੇ ਮੌਕੇ ਦਿੱਤੇ ਜਾਣਗੇ।

# ਆਧੁਨਿਕ ਵਿਦੇਸ਼ੀ ਭਾਸ਼ਾ

ਬੱਚਿਆਂ ਨੂੰ ਕਿਸੇ ਆਧੁਨਿਕ ਵਿਦੇਸ਼ੀ ਭਾਸ਼ਾਂ ਵਿਚ ਆਪਣੀ ਗੱਲਬਾਤ ਕਰਨ ਦੀਆਂ ਨਿਪੁੰਨਤਾਵਾਂ ਵਿਕਸਿਤ ਕਰਨ ਦਾ ਮੌਕਾ ਦਿੱਤਾ ਜਾਵੇਗਾ। ਵਿਸ਼ਿਸ਼ਟ ਭਾਸ਼ਾ ਜਾਂ ਪੇਸ਼ ਕੀਤੀ ਜਾਣ ਵਾਲੀਆਂ ਭਾਸ਼ਾਵਾਂ ਬਾਰੇ ਨਿਰਨੇ ਵਿਅਕਤੀਗਤ ਸਕੂਲਾਂ ਵੱਲੋ ਲਏ ਜਾਣਗੇ।

ਜੁਬਾਨੀ ਬੋਲਣ, ਪੜ੍ਹਨ ਅਤੇ ਲਿਖਾਈ ਦੀਆਂ ਨਿਪੁੰਨਤਾਵਾਂ ਵਿਕਸਿਤ ਕਰਨ ਨਾਲ, ਬੱਚੇ ਅੰਤਰ–ਸੱਭਿਆਚਾਰਕ ਅਤੇ ਦੁਨੀਆ ਵਿਚ ਕਿਵੇਂ ਰਹਿਣਾ ਹੈ ਇਸ ਬਾਰੇ ਸਮਝ ਵਿਕਸਿਤ ਕਰਨਗੇ, ਅਤੇ ਵੱਖਰੇ ਸੱਭਿਆਚਾਰਾਂ ਅਤੇ ਸੰਪ੍ਰਦਾਵਾਂ ਦੀ ਕਦਰ ਕਰਨਾ ਸਿੱਖਣਗੇ ਅਤੇ ਉਨ੍ਹਾਂ ਦੀ ਆਪਣੇ ਨਾਲ ਤੁਲਨਾ ਕਰਗੇ। ਉਹ ਦੂਸਰੀਆਂ ਭਾਸ਼ਾਵਾਂ, ਇੰਗਲਿਸ਼ ਅਤੇ ਵੇਲਜ਼ ਵਿਚ ਸਮਾਨਤਾਵਾਂ ਅਤੇ ਭਿੰਨਤਾ ਬਾਰੇ ਵੀ ਖੋਜ ਕਰਨਗੇ।

ਬੱਚਿਆਂ ਨੂੰ ਇਹ ਸਮਝਣ ਵਿਚ ਹੱਲਾਸ਼ੇਰੀ ਦੀਤੀ ਜਾਵੇਗੀ ਕਿ ਕਿਸੇ ਦੂਸਰੀ ਜ਼ੁਬਾਨ ਵਿਚ ਗੱਲਬਾਤ ਕਰਨਾ ਜਾਂ ਉਸ ਨੂੰ ਸਮਝਣ ਦੀ ਸਮਰੱਥਾ ਇਸ ਦੇਸ਼ ਅਤੇ ਪੂਰੀ ਦੁਨੀਆ ਵਿਚ ਇਕ ਜ਼ਿੰਦਗੀ ਭਰ ਲਈ ਸਿੱਖਿਆ, ਮਨੋਰੰਜਨ ਅਤੇ ਕੰਮਕਾਜੀ ਨਿਪੁੰਨਤਾ ਹੈ।



# ਡੀਜ਼ਾਇਨ ਅਤੇ ਤਕਨਾਲੋਜੀ

ਇਕੀਵੀਂ ਸਦੀ ਵਿਚ ਟਿਕਾਉਯੋਗਤਾ ਅਤੇ ਵਾਤਾਵਰਣ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਧਿਆਨ ਵਿਚ ਰੱਖਦੇ ਹੋਏ, ਸਕੂਲ ਬੱਚਿਆਂ ਦੀਆਂ ਨਿਪੁੰਨਤਾਵਾਂ ਨੂੰ ਉਨ੍ਹਾਂ ਦੇ ਗਿਆਨ ਅਤੇ ਸਮਝ ਨਾਲ ਇਕੱਠਾ ਕਰਕੇ ਉਨ੍ਹਾਂ ਨੂੰ ਡੀਜ਼ਾਇਨ ਕਰਨਾ ਅਤੇ ਉਤਪਾਦ ਬਣਾਉਣਾ ਸਿਖਾਉਣਗੇ। ਉਨ੍ਹਾਂ ਨੂੰ ਅਜਿਹੀਆਂ ਕਦਰਾਂ–ਕੀਮਤਾਂ ਤੇ ਅਧਾਰਤ ਨਿਰਨੇ ਲੈਣ ਲਈ ਉਤਸਾਹਿਤ ਕੀਤਾ ਜਾਵੇਗਾ ਜੋ ਸਮਾਜ ਦਾ ਅਧਾਰ ਹਨ, ਜਿ ਤੋਂ ਉਨ੍ਹਾਂ ਨੂੰ ਇਕ ਰੁੱਝੇ ਅਤੇ ਸੂਚਿਤ ਨਾਗਰਿਕ ਬਣਨ ਵਿਚ ਮਦਦ ਮਿਲੇਗੀ। ਉਨ੍ਹਾਂ ਨੂੰ ਮਨੁੱਖੀ ਪ੍ਰਾਪਤੀਆਂ ਅਤੇ ਉਨ੍ਹਾਂ ਵਿਸ਼ਾਲ ਵਿਚਾਰਾਂ ਬਾਰੇ ਜਾਣੂ ਬਣਾਇਆ ਜਾਵੇਗਾ ਜਿਨ੍ਹਾਂ ਨੇ ਇਹ ਦੁਨੀਆ ਨੂੰ ਆਕਾਰ ਦਿੱਤਾ ਹੈ।

## ਇੰਨਫੌਰਮੇਸ਼ਨ ਐਂਡ ਕਮਿਊਨਿਕੇਸ਼ਨ ਤਕਨਾਲੋਜੀ (ਆਈ ਸੀ ਟੀ)

ਬੱਚੇ ਇਸ ਬਾਰੇ ਜਾਗਰੂਕ ਬਣ ਕੇ ਕਿ ਜਾਣਕਾਰੀ ਕਿੰਨੀ ਪ੍ਰਸੰਗਿਕ ਅਤੇ ਵਿਸ਼ਵਾਸਯੋਗ ਹੈ ਆਪਣੀ ਨਿਪੁੰਨਤਾਵਾਂ, ਗਿਆਨ ਅਤੇ ਸਮਝ ਦੀ ਉਸਾਰੀ ਕਰਨਗੇ ਅਤੇ ਸਰੋਤ ਵਿਚ ਪੱਖਪਾਤ ਨੂੰ ਪਛਾਣਨਾ ਅਤੇ ਇਸ ਤੇ ਪ੍ਰਸ਼ਨ ਕਰਨਾ ਸ਼ੁਰੂ ਕਰਨਗੇ।

ਉਨ੍ਹਾਂ ਨੂੰ ਆਈ ਸੀ ਟੀ ਅਤੇ ਆਈ ਸੀ ਟੀ ਤੋਂ ਬਿਨਾਂ, ਦੋਵੇਂ ਤਰ੍ਹਾਂ ਦੇ ਜਾਣਕਾਰੀ ਦੇ ਸੁਰੱਖਿਅਤ ਅਤੇ ਮੁਨਾਸਬ ਸ੍ਰੋਤ ਦਣ ਵਰਤੋਂ ਵਿਚ ਵਧੇਰੇ ਸੁਤੰਤਰ ਬਣਨਾ ਸਿਖਾਇਆ ਜਾਵੇਗਾ ਅਤੇ ਜਾਣਕਾਰੀ ਨੂੰ ਲੱਭਣ, ਉਸ ਦਾ ਵਿਸ਼ਲੇਸ਼ਣ ਕਰਨ, ਉਸ ਨੂੰ ਸੰਚਾਰਿਤ ਕਰਨ, ਪ੍ਰਸਤੁਤ ਕਰਨ ਅਤੇ ਉਸ ਨੂੰ ਵੰਡਣਾ ਲਈ ਵੱਖ-ਵੱਖ ਤਰ੍ਹਾਂ ਦੀ ਆਈ ਸੀ ਟੀ ਨਿਪੁੰਨਤਾਵਾਂ ਅਤੇ ਸ੍ਰੋਤਾਂ ਨੂੰ ਪ੍ਰਯੋਗ ਕਰਨਾ ਸਿਖਾਇਆ ਜਾਵੇਗਾ। ਸਮਾਜ ਉਤੇ ਆਈ ਸੀ ਟੀ ਦੇ ਸਮਾਜਕ, ਸਦਾਚਾਰਕ, ਨੈਤਿਕ ਅਤੇ ਆਰਥਿਕ ਅਸਰ ਬਾਰੇ ਵੀ ਉਨ੍ਹਾਂ ਨੂੰ ਜਾਗਰੂਕ ਬਣਾਇਆ ਜਾਵੇਗਾ।



## ਇਤਿਹਾਸ

ਬੱਚੇ ਸਵਾਲ ਜਵਾਬ ਕਰਕੇ ਸਿਖਣਗੇ, ਅਤੇ ਪਿਛਲੀ ਸਦੀ ਦੌਰਾਨ ਵੇਲਜ਼ ਅਤੇ ਬ੍ਰੀਟਨ ਦੇ ਇਤਿਹਾਸ ਦੇ ਕੁਝ ਚੁਣੇ ਸਮਿਆਂ ਦੌਰਾਨ ਰਾਜਨੀਤੀ, ਅਰਥ ਵਿਵਸਥਾ, ਸਮਾਜਕ ਅਤੇ ਸੱਭਿਆਚਾਰਕ ਦੀਆਂ ਖਾਸ ਵਿਸ਼ੇਸ਼ਤਾਂਵਾ ਉਤੇ ਵੀ ਧਿਆਨ ਕੇਂਦ੍ਰਿਤ ਕਰਨਗੇ। ਉਹ ਹਰੇਕ ਮਿਆਦ ਵਿਚ ਲੋਕਾਂ ਦੇ ਤਜਰਬਿਆਂ ਬਾਰੇ ਸਿੱਖਣਗੇ, ਅਤੇ ਘਟਨਾਵਾਂ ਦੇ ਕਾਰਨਾਂ ਅਤੇ ਸਮੇਂ ਨਾਲ ਚੀਜ਼ਾਂ ਵਿਚ ਤਬਦੀਲੀਆਂ ਬਾਰੇ ਆਪਣੀ ਸਮਝ ਵਿਕਸਿਤ ਕਰਨਗੇ।

## ਸੰਗੀਤ

ਬੱਚੇ ਅਦਾਕਾਰੀ, ਰਚਨਾ ਕਰਨ ਅਤੇ ਮੁਲਾਂਕਣ ਦੁਆਰਾ ਸੰਗੀਤ ਵਿਚ ਸ਼ਾਮਲ ਹੋਣਗੇ ਅਤੇ ਇਸਦਾ ਆਨੰਦ ਮਾਣਨਗੇ। ਉਹ ਗਾਉਣਾ ਅਤੇ ਸਾਜ ਵਜਾਉਣੇ, ਅਭਿਆਸ, ਸੁਧਾਰ, ਰਚਨਾ ਅਤੇ ਸੰਗੀਤ ਦੀ ਵਿਵਸਥਾ ਵਰਗੇ ਸੰਗੀਤ ਨਾਲ ਜੁੜੇ ਹੁਨਰ ਵੀ ਵਿਕਸਿਤ ਕਰਨਗੇ। ਉਹ ਸੰਗੀਤ ਸੁਣਨਾ ਅਤੇ ਉਸ ਦਾ ਮੁਲਾਂਕਣ ਕਰਨਾ ਵੀ ਸਿਖਣਗੇ।

## ਭੂਗੋਲ

ਬੱਚੇ ਇਸ ਬਾਰੇ ਆਪਣੇ ਗਿਆਨ ਅਤੇ ਸਮਝ ਨੂੰ ਵਧਾਉਣਗੇ ਕਿ ਪ੍ਰਕਿਰਿਆਵਾਂ ਕੁਦਰਤੀ ਅਤੇ ਮਨੁੱਖੀ ਪਰਿਦ੍ਰਿਸ਼ ਨੂੰ ਕਿਵੇਂ ਆਕਾਰ ਦਿੰਦੀਆਂ ਹਨ। ਉਹ ਆਪਣੀਆਂ ਤਹਿਕਿਕਾਤਾਂ ਕਰਨਗੇ, ਨਕਸ਼ਿਆਂ ਦੀ ਵਰਤੋਂ ਅਤੇ ਅੰਕੜੇ ਇਕੱਠੇ ਕਰਨਗੇ, ਇਸ ਦੇ ਨਾਲ ਨਾਲ ਉਹ ਜਾਣਕਾਰੀ ਦਾ ਵਿਸ਼ਲੇਸ਼ਨ ਅਤੇ ਸਸ਼ੰਲੇਸ਼ਣ ਵੀ ਕਰਨਗੇ।



ਬੱਚਿਆਂ ਨੂੰ ਰੋਜ਼ ਆਉਣ ਵਾਲੀਆਂ ਸਮੱਸਿਆਵਾਂ ਬਾਰੇ ਵਿਵੇਕੀ ਨਿਰਨੇ ਕਰਨ ਵਾਸਤੇ ਉਕਸਾਇਆ ਜਾਵੇਗਾ, ਆਪਣੀ ਰਾਇ ਅਤੇ ਵਿਚਾਰ ਨੂੰ ਵਿਕਸਿਤ ਕਰਨਾ ਅਤੇ ਉਨ੍ਹਾਂ ਉਤੇ ਪਰਾਵਰਤਿਤ ਹੋਣਾ, ਵਾਤਾਵਰਨ ਅਤੇ ਇਸ ਦੁਨੀਆਂ ਦੇ ਵਿਚ ਉਨ੍ਹਾਂ ਦੇ ਕਿਰਦਾਰ ਬਾਰੇ ਜ਼ਿੰਮੇਵਾਰੀ ਦੀ ਸਮਝ ਵੀ ਵਿਕਸਿਤ ਕੀਤੀ ਜਾਵੇਗੀ।

## ਆਰਟ(ਕਲਾ) ਅਤੇ ਡੀਜ਼ਾਇਨ

ਬੱਚੇ ਬਹੁਤ ਜਲਦੀ ਆਪਣੇ ਕੀਤੇ ਹੋਏ ਕੰਮ ਅਤੇ ਦੂਸਰੇ ਕਲਾਕਾਰਾਂ, ਸ਼ਿਲਪਕਾਰਾਂ ਅਤੇ ਡੀਜ਼ਾਇਨਰਾਂ ਦੇ ਕੰਮ ਨਾਲ ਸੰਬੰਧ ਜੋੜਨ ਦੀ ਸਮਰੱਥਾ ਵਿਕਸਿਤ ਕਰ ਲੈਂਦੇ ਹਨ। ਉਹ ਸਮੱਗਰੀ ਅਤੇ ਪ੍ਰਕਿਰਿਆਵਾਂ ਦੀ ਚੋਣ ਵਿਚ ਕਾਫੀ ਸੁਤੰਤਰ ਬਣ ਜਾਣਗੇ, ਅਤੇ ਪੁਰਾਣੇ ਤਜਰਬਿਆਂ ਤੋਂ ਉਨ੍ਹਾਂ ਨੂੰ ਦਰਸ਼ਨੀ, ਸਪਰਸ਼ੀ ਅਤੇ ਸੰਵੇਦੀ ਭਾਸ਼ਾ ਦਾ ਪ੍ਰਯੋਗ ਕਰਨ ਦਾ ਆਤਮ–ਵਿਸ਼ਵਾਸ ਮਿਲੇਗਾ।

# ਸਰੀਰਕ ਸਿੱਖਿਆ (ਪੀ ਈ)

ਜਿਵੇਂ ਜਿਵੇਂ ਬੱਚਿਆਂ ਦਾ ਆਤਮ-ਵਿਸ਼ਵਾਸ ਵੱਧਦਾ ਹੈ, ਉਵੇਂ ਹੀ ਉਨ੍ਹਾਂ ਦੀ ਰੁਝੇਵਿਆਂ ਵਿਚ ਭਾਗ ਲੈਣ ਦੀ ਸਮਰੱਥਾ ਹੋਰ ਵੀ ਤਕਨੀਤੀ ਤੌਰ ਤੇ ਚੁਣੌਤੀਪੂਰਵਕ ਹੋ ਜਾਂਦੀ ਹੈ। ਉਹ ਦੂਸਰਿਆਂ ਨਾਲ ਟੀਮ ਨੂੰ ਸ਼ਕਤੀਸ਼ਾਲੀ ਬਣਾਉਣ ਜਾਂ ਦੂਸਰਿਆਂ ਨੂੰ ਹਰਾਉਣ ਲਈ ਸਾਂਝੇਦਾਰੀ ਨਾਲ ਕੰਮ ਕਰਨ ਦੇ ਫਾਇਦਿਆਂ ਬਾਰੇ ਗਿਆਨ ਪ੍ਰਾਪਤ ਕਰਨਗੇ। ਉਹ ਆਉਣ ਵਾਲੀਆਂ ਖੇਡਾਂ ਵਾਸਤੇ ਅਭਿਆਸ ਕਰਨਾ ਵੀ ਸਿਖਣਗੇ।

ਸਕੂਲ ਬੱਚਿਆਂ ਨੂੰ ਇਹ ਸਮਝਣ ਵਿਚ ਹੱਲਾਸ਼ੇਰੀ ਦਵੇਗਾ ਕਿ ਕਿਸੇ ਵੀ ਰੁਝੇਵੇ ਨਾਲ ਜਟਿਲ ਹੋਣਾ ਉਨ੍ਹਾਂ ਦੀ ਸਿਹਤ ਅਤੇ ਤੰਦਰੁਸਤੀ ਵਾਸਤੇ ਚੰਗਾ ਹੈ ਅਤੇ ਉਨ੍ਹਾਂ ਨੂੰ ਆਪਣੀ ਬਿਹਤਰੀ ਦੀ ਜ਼ਿਮੇਵਾਰੀ ਆਪ ਲੈਣੀ ਚਾਹੀਦੀ ਹੈ।

# ਮੇਰਾ ਬੱਚਾ ਹੋਰ ਕੀ ਸਿੱਖੇਗਾ?

ਰਾਸ਼ਟਰੀ ਪਾਠਕ੍ਰਮ ਵਿਚ ਮੌਜੂਦਾ ਵਿਸ਼ਿਆ ਦੇ ਇਲਾਵਾ ਸਾਰੇ ਬੱਚੇ ਰਿਲਿਜਸ ਐਜੂਕੇਸ਼ਨ (ਧਾਰਮਿਕ ਸਿੱਖਿਆ) (ਆਰ ਈ), ਪ੍ਰਸਨਲ ਐਂਡ ਸੋਸ਼ਲ ਐਜੂਕੇਸ਼ਨ (ਨਿਜੀ ਅਤੇ ਸਮਾਜਕ ਸਿੱਖਿਆ) (ਪੀ ਐਸ ਈ) ਅਤੇ ਜਿਨਸੀ ਸਿੱਖਿਆ ਦੇ ਪ੍ਰੋਗਰਾਮ ਅਨੁਸਾਰ ਚੱਲਣਗੇ।

ਆਵੱਸ਼ਕ ਤੌਰ ਤੇ, ਇਹ ਸਕੂਲਾਂ ਦੀ ਜ਼ਿੱਮੇਵਾਰੀ ਹੈ ਕਿ ਉਹ ਇਕ ਪਹਿਲਾਂ ਤੋਂ ਤਹਿ ਕੀਤਾ, ਵਿਸ਼ਾਲ ਅਤੇ ਸੰਤੁਲਿਤ ਆਰ ਈ, ਪੀ ਐਸ ਈ ਅਤੇ ਲਿੰਗਕ ਸਿੱਖਿਆ ਦੇ ਪ੍ਰੋਗਰਾਮ ਬਾਰੇ ਯੋਜਨਾ ਬਣਾਉਣ ਅਤੇ ਬੱਚਿਆਂ ਦੀ ਜ਼ਰੂਰਤਾਂ ਨੂੰ ਪੂਰਾ ਕਰਨ।



# ਕਿਤਾਬੀ ਅਤੇ ਹਿਸਾਬੀ ਗਿਆਨ

5 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਕਿਤਾਬੀ ਅਤੇ ਹਿਸਾਬੀ ਗਿਆਨ ਦੇ ਹੁਨਰ ਵਿਕਸਿਤ ਕਰਨ ਲਈ ਸਤੰਬਰ 2013 ਤੋਂ ਕਾਨੂੰਨੀ ਅਧਾਰ 'ਤੇ ਇੱਕ ਨਵੇਂ ਰਾਸ਼ਟਰੀ ਕਿਤਾਬੀ ਅਤੇ ਹਿਸਾਬੀ ਗਿਆਨ ਦੇ ਢਾਂਚੇ (National Literacy and Numeracy Framework - LNF) ਦੀ ਸ਼ੁਰੂਆਤ ਕੀਤੀ ਜਾ ਰਹੀ ਹੈ।

ਸਾਰੇ ਬੱਚਿਆਂ ਦੇ ਕਿਤਾਬੀ ਅਤੇ ਹਿਸਾਬੀ ਗਿਆਨ ਨੂੰ ਵਿਕਸਿਤ ਕਰਨ ਵਾਸਤੇ ਸਹਾਇਤਾ ਕੀਤੀ ਜਾਵੇਗੀ। ਇਹ ਨਿਪੁੰਨਤਾਵਾਂ ਸਿਰਫ ਅੰਗ੍ਰੇਜ਼ੀ, ਵੈਲਸ਼ ਜਾਂ ਹਿਸਾਬ ਬਾਰੇ ਹੀ ਨਹੀਂ ਹਨ, ਇਹ ਵੱਖਰੀਆਂ ਸਥਿਤੀਆਂ ਅਤੇ ਕਈ ਤਰ੍ਹਾਂ ਦੇ ਰੁਝੇਵਿਆਂ ਵਿਚ ਆਪਣੀਆਂ ਨਿਪੁੰਨਤਾਵਾਂ ਅਤੇ ਹੁਨਰ ਦਾ ਇਸਤੇਮਾਲ ਕਰਨ ਬਾਰੇ ਹੈ।

ਕਿਤਾਬੀ ਗਿਆਨ ਇਕ ਨਿਪੁੰਨਤਾਵਾਂ ਦਾ ਕੱਠ ਹੈ, ਜਿਸ ਵਿਚ ਬੋਲਣਾ, ਸੁਣਨਾ, ਪੜ੍ਹਨਾ ਅਤੇ ਲਿਖਣਾ ਸ਼ਾਮਲ ਹੈ, ਇਸ ਨਾਲ ਅਸੀਂ ਆਪਣੇ ਆਲੇ–ਦੁਆਲੇ ਦੀ ਦੁਨੀਆ ਨੂੰ ਸਮਝਣ ਸਕਦੇ ਹਾਂ।

ਨੰਬਰੀ ਗਿਆਨ (ਨੂਮਰਸੀ) ਹਿਸਾਬ ਦੇ ਮੂਲ ਤੱਤਾਂ ਤੇ ਆਧਾਰਿਤ ਹੈ। ਨੰਬਰੀ ਗਿਆਨ ਉਨ੍ਹਾਂ ਨਿਪੁੰਨਤਾਵਾਂ ਬਾਰੇ ਵਰਨਨ ਕਰਦਾ ਹੈ ਜਿਨ੍ਹਾਂ ਨਾਲ ਸਾਨੂੰ ਇਸ–ਦੁਨੀਆ ਦੀਆਂ ਕਈ ਸਮੱਸਿਆਵਾਂ ਨਾਲ ਨਜਿੱਠਣ ਲਈ ਅਤੇ ਇਨ੍ਹਾਂ ਨੂੰ ਮੁਕੰਮਲ ਕਰਨ ਵਾਸਤੇ ਹਿਸਾਬੀ ਪ੍ਰਕਿਰਿਆ ਰਾਹੀ ਹੱਲ ਲੱਭਣੇ ਪੈਂਦੇ ਹਨ।

ਕਿਤਾਬੀ ਅਤੇ ਹਿਸਾਬੀ ਗਿਆਨ ਢਾਂਚੇ ਵਿੱਚ ਸਲਾਨਾ ਕਿਤਾਬੀ ਅਤੇ ਹਿਸਾਬੀ ਗਿਆਨ ਦੀਆਂ ਉਮੀਦਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਅਤੇ ਇਸ ਨਾਲ ਬੱਚਿਆਂ ਨੂੰ ਰਾਸ਼ਟਰੀ ਪਾਠਕ੍ਰਮ ਦੇ ਸਾਰੇ ਵਿਸ਼ਿਆਂ ਦੇ ਰਾਹੀਂ ਅਤੇ ਬਹੁਤ ਤਰ੍ਹਾਂ ਗਤੀਵਿਧੀਆਂ ਦੀ ਵਰਤੋਂ ਕਰਦੇ ਹੋਏ ਪੜ੍ਹਨ ਲਿਖਣ ਅਤੇ ਹਿਸਾਬ ਦੇ ਹੁਨਰ ਵਿਕਸਿਤ ਕਰਨ ਵਿੱਚ ਮਦਦ ਮਿਲੇਗੀ।

# ਪੜ੍ਹਨ ਅਤੇ ਹਿਸਾਬੀ ਗਿਆਨ ਦੇ ਟੈਸਟ ਕੀ ਹਨ?



## ਨੈਸ਼ਨਲ ਟੈਸਟ

ਇਹ ਯਕੀਨੀ ਬਣਾਉਣ ਲਈ ਕਿ ਸਿੱਖਿਆਰਥੀ ਚੰਗੀ ਪ੍ਰਗਤੀ ਕਰਨ, ਸਭ ਤੋਂ ਬਿਹਤਰੀਨ ਤਰੀਕਾ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਉਹ ਕਦੇ ਵੀ ਨਾ ਪਿੱਛੇ ਨਾ ਰਹਿਣ। ਇਸ ਨੂੰ ਸਿਰਫ ਸਿੱਖਿਆਰਥੀ ਦੇ ਪ੍ਰਦਰਸ਼ਨ ਦੇ ਨਿਯਮਿਤ ਨਿਰੀਖਣ ਅਤੇ ਮੁਲਾਂਕਣ ਦੁਆਰਾ ਹਾਸਲ ਕੀਤਾ ਜਾ ਸਕਦਾ ਹੈ ਅਤੇ ਇਹੀ ਕਾਰਨ ਹੈ ਕਿ, ਮਈ 2013 ਤੋਂ, ਵੇਲਜ਼ ਵਿੱਚ ਦੋ ਤੋਂ ਲੈ ਕੇ ਨੌਂ ਸਾਲ ਵਾਲੇ ਸਾਰੇ ਸਿੱਖਿਆਰਥੀ ਪੜ੍ਹਨ ਅਤੇ ਹਿਸਾਬੀ ਗਿਆਨ ਦੇ ਟੈਸਟ ਦੇਣਗੇ।

ਇਹ ਟੈਸਟ ਲਗਭਗ ਇੱਕ ਘੰਟੇ ਤੱਕ ਚਲਣਗੇ ਅਤੇ ਇਹਨਾਂ ਨੂੰ ਇਸ ਤਰ੍ਹਾਂ ਨਾਲ ਬਣਾਇਆ ਜਾਂਦਾ ਹੈ ਕਿ ਕੁਝ ਸਿੱਖਿਆਰਥੀ ਉਹਨਾਂ ਨੂੰ “ਟੁਕੜਿਆਂ” ਵਿੱਚ ਦੇ ਸਕਣਗੇ।

ਇਹ ਖਾਸ ਤੌਰ ’ਤੇ ਛੋਟੇ ਸਿੱਖਿਆਰਥੀਆਂ ਅਤੇ ਸਿੱਖਣ ਦੀਆਂ ਵਾਧੂ ਲੋੜਾਂ ਵਾਲੇ ਸਿੱਖਿਆਰਥੀਆਂ ਲਈ ਅਹਿਮ ਹੁੰਦਾ ਹੈ। ਵੱਖ-ਵੱਖ ਸਿੱਖਿਆਰਥੀ ਦੀਆਂ ਲੋੜਾਂ ’ਤੇ ਨਿਰਭਰ ਕਰਦੇ ਹੋਏ, ਉਹ ਸਾਲ ਸਮੂਹ, ਕਲਾਸ ਜਾਂ ਛੋਟੇ ਸਮੂਹ ਦੇ ਅਧਾਰ ’ਤੇ ਦਿੱਤੇ ਜਾ ਸਕਦੇ ਹਨ।

## ਪੜ੍ਹਨ ਦੇ ਟੈਸਟ

ਪੜ੍ਹਨ ਦੇ ਟੈਸਟ ਦੋ ਸਾਲ ਦੇ ਸਮੂਹਾਂ ਵਿੱਚ ਫੈਲੇ ਹੋਣਗੇ (SAL 2 - SAL 3, SAL 4 - SAL 5, SAL 6 - SAL 7, SAL 8 - SAL 9)। 2014 ਲਈ ਨਵੇਂ ਟੈਸਟ ਤਿਆਰ ਕੀਤੇ ਜਾਣਗੇ ਤਾਂ ਜੋ ਕੋਈ ਵੀ ਸਿੱਖਿਆਰਥੀ ਇੱਕੋ ਟੈਸਟ ਦੋ ਵਾਰ ਨਹੀਂ ਦੇਵੇਗਾ।

ਟੈਸਟਾਂ ਵਿੱਚ ਕਈ ਪੈਰੇ ਹੋਣਗੇ ਜਿਨ੍ਹਾਂ ਤੋਂ ਬਾਅਦ ਛੋਟੇ, ਸੀਮਤ ਜਵਾਬ ਅਤੇ ਬਹੁ–ਚੋਣਾਂ ਕਿਸਮ ਵਾਲੇ ਸਵਾਲ ਹੋਣਗੇ। ਪਰ, ਸਕੂਲਾਂ ਨੂੰ ਚੋਣਵੇਂ ਟੈਸਟਾਂ ਲਈ ਸਮੱਗਰੀਆਂ ਵੀ ਉਪਲਬਧ ਕਰਵਾਈਆਂ ਜਾਣਗੀਆਂ ਜਿਨ੍ਹਾਂ ਨੂੰ ਉਹ ਸਿੱਖਿਆਰਥੀਆਂ ਦੀਆਂ ਖ਼ੂਬੀਆਂ ਅਤੇ ਕਮਜ਼ੋਰੀਆਂ ਦੀ ਹੋਰ ਜਾਂਚ ਕਰਨ ਲਈ ਵਰਤ ਸਕਦੇ ਹਨ।

## ਹਿਸਾਬੀ ਗਿਆਨ ਦੇ ਟੈਸਟ

ਹਿਸਾਬੀ ਗਿਆਨ ਦੇ ਟੈਸਟ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ। ਪਹਿਲਾ ਹਿੱਸਾ ਜਮਾਂ, ਘਟਾਓ ਅਤੇ ਗੁਣਾ ਵਰਗੇ ਹਿਸਾਬੀ ਕੰਮਾਂ ਦੇ ਗਿਆਨ ਦਾ ਮੁਲਾਂਕਣ ਕਰਦਾ ਹੈ ਜਦਕਿ ਦੂਜਾ ਹਿੱਸਾ, ਤਰਕ–ਬੋਧ ਟੈਸਟ, ਰੋਜ਼ਮਰ੍ਹਾ ਦੀਆਂ ਸਮੱਸਿਆਵਾਂ ਵਿੱਚ ਇਸ ਗਿਆਨ ਨੂੰ ਲਾਗੂ ਕਰਨ ਲਈ ਸਿੱਖਿਆਰਥੀ ਦੀ ਯੋਗਤਾ ਦਾ ਮੁਲਾਂਕਣ ਕਰਦਾ ਹੈ।

2013 ਵਿੱਚ ਹਿਸਾਬੀ ਗਿਆਨ ਦਾ ਟੈਸਟ ਸਿਰਫ ਤਰੀਕਿਆਂ ਦੇ ਗਿਆਨ ਦਾ ਹੀ ਮੁਲਾਂਕਣ ਕਰੇਗਾ। ਇਸ ਤੋਂ ਅਧਿਆਪਕਾਂ ਨੂੰ ਅੰਕ–ਗਣਿਤ ਦੀ ਪੜ੍ਹਾਈ ਲਈ ਆਪਣੇ ਢੰਗ ਨੂੰ ਅਨੁਕੂਲ ਬਣਾਉਣ ਲਈ ਸਮਾਂ ਮਿਲੇਗਾ ਅਤੇ ਇਹ ਯਕੀਨੀ ਬਣਾਇਆ ਜਾ ਸਕੇਗਾ ਕਿ ਸਿੱਖਿਆਰਥੀ ਉਸ ਕਿਸਮ ਦੇ ਕਾਰਜਾਂ ਤੋਂ ਜਾਣੂ ਹੋਣ ਜੋ ਉਹਨਾਂ ਨੂੰ ਉਸ ਵੇਲੇ ਪੇਸ਼ ਕੀਤੇ ਜਾਣਗੇ ਜਦੋਂ ਉਹ ਮਈ 2014 ਵਿੱਚ ਪਹਿਲੀ ਵਾਰ ਤਰਕ–ਬੋਧ ਟੈਸਟ ਦੇਣ ਲਈ ਆਉਣਗੇ।

# ਮੈਂ ਆਪਣੇ ਬੱਚੇ ਦੀ ਪੜ੍ਹਾਈ ਵਿੱਚ ਕਿਵੇਂ ਮਦਦ ਕਰ ਸਕਦਾ/ਸਕਦੀ ਹਾਂ?

ਮਾਪਿਆਂ ਦੀ ਸ਼ਮੂਲੀਅਤ ਬੱਚਿਆਂ ਦੀ ਸਿੱਖਿਆ ਵਿਚ ਸਹਾਇਤਾ ਕਰਨ ਵਿਚ ਬਹੁਤ ਹੀ ਆਵੱਸ਼ਕ ਹੈ। ਅਸਰਦਾਰ ਢੰਗ ਨਾਲ ਸ਼ਾਮਲ ਹੋ ਕੇ ਤੁਸੀਂ ਆਪਣੇ ਬੱਚੇ ਦੇ ਵਿਕਾਸ ਅਤੇ ਸਿੱਖਿਆ ਵਿਚ ਮਦਦ ਕਰ ਸਕਦੇ ਹੋ, ਇਹ ਸਿਰਫ ਘਰ ਵਿਚ ਹੀ ਨਹੀਂ ਬਲਕਿ ਤੁਹਾਡੇ ਅਤੇ ਤੁਹਾਦੇ ਬੱਚੇ ਦੀ ਹਰ ਰੋਜ਼ ਦੀ ਜ਼ਿੰਦਗੀ ਦਾ ਭਾਗ ਹੋਣਾ ਚਾਹੀਦਾ ਹੈ। ਦਿਲਚਸਪੀ ਵਿਖਾਵੋ ਅਤੇ ਉਨ੍ਹਾਂ ਮਜ਼ਮੂਨਾਂ ਬਾਰੇ ਗੱਲ-ਬਾਤ ਕਰੋ ਜਿਨ੍ਹਾਂ ਬਾਰੇ ਉਹ ਸਕੂਲ ਵਿਚ ਪੜ੍ਹ ਰਹੇ ਹਨ ਅਤੇ ਇਹ ਪੱਕਾ ਕਰੋ ਕਿ ਉਨ੍ਹਾਂ ਕੋਲ ਪੜ੍ਹਨ ਅਤੇ ਆਪਣਾ ਸਕੂਲ ਦਾ ਕੰਮ ਕਰਨ ਵਾਸਤੇ ਇਕ ਸ਼ਾਤ ਥਾਂ ਉਪਲੱਬਦ ਹੋਵੇ।

## ਘਰ ਵਿਚ ਇਕੱਠੇ ਸਿੱਖਿਆ ਪ੍ਰਾਪਤ ਕਰਨ ਉਤੇ ਕੁਝ ਵਿਚਾਰ

- ਆਪਣੇ ਬੱਚੇ ਨੂੰ ਪੜ੍ਹਨ ਵਾਸਤੇ ਉਤਸ਼ਾਹਿਤ ਕਰੋ, ਇਥੇ ਤਕ ਕਿ ਦਿਨ ਦੇ 10 ਮਿੰਟ ਵੀ ਬਹੁਤ ਜ਼ਿਆਦਾ ਫਰਕ ਪਾ ਸਕਦੇ ਹਨ। ਪੜ੍ਹਨ ਵਾਲੀ ਸਾਮੱਗਰੀ ਵੱਖ-ਵੱਖ ਹੋ ਸਕਦੀ ਹੈ, ਆਪਣੇ ਬੱਚੇ ਨੂੰ ਸਿਰਫ ਕਿਤਾਬਾਂ ਅਤੇ ਰਸਾਲੇ ਪੜ੍ਹਨ ਲਈ ਹੀ ਨਹੀਂ ਬਲਕਿ ਵੈਬਸਾਈਟਾਂ, ਐਪਸ, ਖੇਡਾਂ ਅਤੇ ਹੋਰ ਅਜਿਹੀਆਂ ਚੀਜ਼ਾਂ ਪੜ੍ਹਨ ਵਿਚ ਹਿਮਾਇਤ ਕਰੋ।

- ਆਪਣੇ ਆਪ ਨੂੰ ਖ਼ਬਰਾਂ ਬਾਰੇ ਤਾਜ਼ਾ ਰੱਖਣ ਨਾਲ ਤੁਹਾਡੇ ਬੱਚੇ ਦੀ ਸਥਾਨਕ, ਰਾਸ਼ਟਰੀ ਅਤੇ ਦੁਨੀਆ ਭਰ ਦੀ ਸੰਪ੍ਰਦਾਇ ਬਾਰੇ ਜਾਗਰੁਕਤਾ ਵਿਚ ਵਿਕਸਿਤ ਹੋਵੇਗੀ। ਉਨ੍ਹਾ ਨੂੰ ਹਫਤੇ ਵਿਚ ਇਕ ਜਾਂ ਦੋ ਵਾਰੀ ਅਖ਼ਬਾਰ ਜਾਂ ਵੈਬ ਉਤੇ ਖ਼ਬਰਾਂ ਪੜ੍ਹਨ ਲਈ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰੋ।

- ਜੱਦ ਘਰੇਲੂ ਬਿਲਾਂ ਨੂੰ ਵੇਖ ਰਵੇ ਹੋਵੋ, ਬੱਚਿਆਂ ਨਾਲ ਵਿਚਾਰ–ਵਿਟਾਂਦਰਾਂ ਕਰੋ ਕਿ ਬਿਲ ਕਿਹੜੀ ਜਾਣਕਾਰੀ ਵਿਖਾਉਦੇ ਹਨ ਅਤੇ ਉਨ੍ਹਾਂ ਦੀ ਅਦਾਇਗੀ ਵਾਸਤੇ ਕਿਹੜੀਆਂ ਚੋਣਾਂ ਹਨ। ਇਹ ਇਕ ਜ਼ਿੰਦਗੀ ਲਈ ਜ਼ਰੂਰੀ ਨਿਪੁੰਨਤਾ ਹੈ।
- ਬੱਚਿਆਂ ਨੂੰ ਦੌਰਿਆਂ, ਛੁੱਟੀਆਂ ਜਾਂ ਕਿਸੇ ਖਾਸ ਅਵਸਰ ਦੀ ਯੋਜਨਾ ਬਣਾਉਣ ਅਤੇ ਹੋਰ ਘਰੇਲੂ ਕਾਰਜਾਂ ਵਿਚ ਸ਼ਾਮਲ ਕਰੋ।
- ਹਫਤੇ ਅੰਤ ਤੇ ਹੋਣ ਵਾਲੇ ਕੁਝ ਪਰਵਾਰਕ ਰੁਝੇਵਿਆਂ ਨੂੰ ਉਸ ਨਾਲ ਜੋੜਨ ਦੀ ਕੋਸ਼ਿਸ਼ ਕਰੋ ਜੋ ਬੱਚੇ ਸਕੂਲ ਵਿਚ ਪੜ੍ਹ ਰਹੇ ਹਨ। ਇਹ ਸਿੱਖਿਆ ਨੂੰ ਹੋਰ ਵੀ ਮਨੋਰੰਜਕ ਬਣਾਵੇਗਾ।
- ਯਾਦ ਰੱਖੋ, ਉਹ ਰੁਝੇਵੇਂ ਜਿਨ੍ਹਾਂ ਵਿਚ ਇੰਟਰਨੈਟ, ਗੇਮਾਂ ਅਤੇ ਖੇਡਾਂ ਦਾ ਇਸਤੇਮਾਲ ਹੁੰਦਾ ਹੈ ਇਹ ਸਭ ਬਹੁਤ ਹੀ ਬਹੁਮੱਲੇ ਅਤੇ ਮਨੋਰੰਜਕ ਮੌਕੇ ਉਪਲੱਬਦ ਕਰਦੇ ਹਨ ਜਿਨ੍ਹਾਂ ਰਾਹੀ ਨਿਪੁੰਨਤਾਵਾਂ ਅਤੇ ਗਿਆਨ ਦਾ ਇਸਤੇਮਾਲ ਹੰਦਾ ਹੈ।
- ਬੱਚਿਆਂ ਨੂੰ ਆਪਣੇ ਸਕੂਲ ਦਾ ਕੰਮ ਚੰਗੀ ਤਰ੍ਹਾਂ ਅਤੇ ਸਮੇਂ ਸਿਰ ਕਰਨ ਵਾਸਤੇ ਹੱਲਾਸ਼ੇਰੀ ਦਵੋ।



## ਸਕੂਲ ਵਿਚ ਹਾਜ਼ਰੀ

ਬੇਸ਼ੱਕ, ਆਪਣੇ ਬੱਚੇ ਦੀ ਸਿੱਖਿਆ ਵਿਚ ਸਹਾਇਤਾ ਕਰਨ ਦਾ ਸੱਭ ਤੋਂ ਵਧੀਆ ਤਰੀਕਾ ਇਹ ਪੱਕਾ ਬਣਾਉਣਾ ਹੈ ਕਿ ਉਹ ਕਿਸੇ ਵੀ ਸਬਕ ਵਿਚ ਗੈਰਹਾਜ਼ਰ ਨਾ ਹੋਣ। ਇਸ ਕਰਕੇ, ਇਹ ਪੱਕਾ ਬਣਾ ਕੇ ਕਿ ਤੁਹਾਡਾ ਬੱਚਾ ਸਕੂਲ ਸਮੇਂ ਸਿਰ ਹਾਜ਼ਰ ਹੋਵੇ, ਆਪਣੇ ਬੱਚੇ ਨੂੰ ਜ਼ਿੰਦਗੀ ਵਿਚ ਸੱਭ ਤੋਂ ਚੰਗੀ ਸ਼ੁਰੂਆਤ ਦਵੋ।



# ਉਹ ਬੱਚੇ ਜਿਨ੍ਹਾਂ ਨੂੰ ਖਾਸ ਸਿੱਖਿਆ ਦੀ ਲੋੜ ਹੈ ਕੀ ਉਨ੍ਹਾਂ ਨੂੰ ਵੀ ਰਾਸ਼ਟਰੀ ਪਾਠਕ੍ਰਮ ਪੂਰਾ ਕਰਨਾ ਪਵੇਗਾ?



ਬਹੁਤ ਸਾਰੇ ਬੱਚੇ, ਇਨ੍ਹਾਂ ਵਿਚ ਉਹ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਵਾਧੂ ਸਿੱਖਿਆ ਦੀ ਲੋੜ ਹੈ, ਉਹ ਸੱਭ ਰਾਸ਼ਟਰੀ ਪਾਠਕ੍ਰਮ ਨੂੰ ਪੂਰਾ ਕਰ ਸਕਦੇ ਹਨ। ਪਰ, ਕਈ ਵਾਰੀ, ਮੁੱਖ–ਅਧਿਆਪਕ ਇਹ ਨਿਰਣੇ ਕਰ ਸਕਦਾ\ਦੀ ਹੈ ਕਿ ਰਾਸ਼ਟਰੀ ਪਾਠਕ੍ਰਮ ਦਾ ਸਾਰਾ ਜਾਂ ਕੁਝ ਹਿੱਸਾ, ਅਸਥਾਈ ਤੌਰ ਤੇ, ਉਸ ਬੱਚੇ ਉਤੇ ਪ੍ਰਯੋਗ ਨਹੀਂ ਕੀਤਾ ਜਾਵੇਗਾ ਜਿਸ ਨੂੰ ਖਾਸ ਸਿੱਖਿਆ ਦੀ ਲੋੜ ਹੋਵੇ। ਕਈ ਬਹੁਤ ਹੀ ਖਾਸ ਕੇਸਾਂ ਵਿਚ ਕੁਝ ਬੱਚਿਆਂ ਵਾਸਤੇ, ਜਿਵੇਂ ਕਿ ਉਹ ਬੱਚੇ ਜਿਨ੍ਹਾਂ ਲਈ ਸਥਾਨਕ ਅਥਾਰਟੀ ਨੇ ਖਾਸ ਸਿੱਖਿਆ ਦੀ ਲੋੜ ਵਾਲਾ ਬਿਆਨ ਪ੍ਰਕਾਸ਼ਿਤ ਕੀਤਾ ਹੋਵੇ, ਇਹ ਨਿਰਣੇ ਕੀਤਾ ਜਾ ਸਕਦਾ ਹੈ ਕਿ ਰਾਸ਼ਟਰੀ ਪਾਠਕ੍ਰਮ ਪੱਕੇ ਤੌਰ ਤੇ ਪ੍ਰਯੋਗ ਨਹੀਂ ਕੀਤਾ ਜਾਵੇਗਾ। ਇਸ ਨੂੰ “ਡਿਸਐਪਲੀਕੇਸ਼ਨ” ਦੇ ਨਾਮ ਰਾਹੀ ਜਾਣਿਆ ਜਾਂਦਾ ਹੈ।

ਉਹ ਬੱਚੇ ਜਿਨ੍ਹਾਂ ਨੂੰ ਵਾਧੂ ਸਿੱਖਿਆ ਨਾਲ ਮਦਦ ਦੀ ਲੋੜ ਹੈ ਉਨ੍ਹਾਂ ਨੂੰ ਕਿਹੜੀਆਂ ਸਹੂਲਤਾਂ ਉਪਲੱਬਦ ਹਨ ਇਸ ਬਾਰੇ ਵਧੇਰੇ ਜਾਣਕਾਰੀ ਤੁਸੀਂ ਇਥੋਂ ਪ੍ਰਾਪਤ ਕਰ ਸਕਦੇ ਹੋ www.wales.gov.uk/educationandskills

# ਕੀ ਮੈਂ ਆਪਣੇ ਬੱਚੇ ਨੂੰ ਰਾਸ਼ਟਰੀ ਪਾਠਕ੍ਰਮ ਤੋਂ ਬਾਹਰ ਕਰ ਸਕਦਾ/ਦੀ ਹਾਂ?

ਸਿੱਖਿਆਰਥੀਆਂ ਨੂੰ ਰਾਸ਼ਟਰੀ ਪਾਠਕ੍ਰਮ ਦੇ ਵਿਸ਼ਿਆਂ, ਜਾਂ ਇਨ੍ਹਾਂ ਵਿਸ਼ਿਆਂ ਵਿਚ ਸਿੱਖਿਆਰਥੀਆਂ ਦੇ ਮੁੱਲਾਂਕਣ ਦੇ ਇੰਤਜ਼ਾਮ ਵਿਚੋਂ ਬਾਹਰ ਕਰਨ ਸੰਬੰਧੀ ਕੋਈ ਵੀ ਮਾਪਿਆਂ ਦਾ ਹੱਕ ਨਹੀਂ ਹੈ। ਪਰ, ਤੁਹਾਨੂੰ ਹੱਕ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਧਾਰਮਿਕ ਸਿੱਖਿਆ ਅਤੇ ਜੇਕਰ ਕੋਈ ਜਿਨਸੀ ਸਿੱਖਿਆ ਮੁਹੱਈਆ ਕੀਤੀ ਜਾਂਦੀ ਹੈ ਤਾਂ ਉਸ ਤੋਂ ਬਾਹਰ ਕਰ ਸਕਦੇ ਹੋ।



# ਮੇਰੇ ਬੱਚੇ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ?



ਰਾਸ਼ਟਰੀ ਪਾਠਕ੍ਰਮ ਵਿਚ ਹਰ ਵਿਸ਼ੇ ਦੇ ਆਮ ਰਾਸ਼ਟਰੀ ਪੈਮਾਨੇ ਤੇ ਆਪਣੇ ਚੁਣੌਤੀਜਨਕ ਟੀਚਿਆਂ ਦਾ ਸਮੂਹ ਹੁੰਦਾ ਹੈ ਜਿਸ ਵਿਚ ਲੜੀਵਾਰ ਕਾਰਵਾਈਆਂ ਅਤੇ ਮਿਆਰ ਸ਼ਾਮਲ ਹਨ। ਹਰ ਵਿਸ਼ੇ ਵਿਚ, ਤੁਹਾਡੇ ਬੱਚੇ ਦੀ ਉੱਨਤੀ ਦਾ ਮੁੱਲਾਂਕਣ ਰਾਸ਼ਟਰੀ ਮਾਪਦੰਡ ਦੇ ਅੱਠ ਮਿਆਰਾਂ ਅਤੇ ਐਕਸੈਪਸ਼ਨਲ ਪਰਫੋਰਮੰਸ (ਈ ਪੀ) ਵਿਰੋਧ ਕੀਤਾ ਜਾਵੇਗਾ। ਇਸ ਨਾਲ ਅਧਿਆਪਕ ਬੱਚਿਆਂ ਲਈ ਸਬਕ ਉਨ੍ਹਾਂ ਦੀ ਉਮਰ ਅਤੇ ਸਮਰੱਥਾ ਦੇ ਹਿਸਾਬ ਨਾਲ ਪਲਾਨ ਕਰ ਸਕਦੇ ਹਨ, ਅਤੇ ਬੱਚੇ ਦੀ ਉਨਤੀ ਦੇ ਮੁੱਲਾਂਕਣ ਵਿਚ ਮਦਦ ਕਰਦੇ ਹਨ।

ਅਧਿਆਪਕ ਬੱਚਿਆਂ ਦੇ ਕੰਮ ਦਾ ਰੋਜ਼ਾਨਾ ਮੁੱਲਾਂਕਣ ਕਰਦੇ ਹਨ, ਸਾਰੇ ਵਿਸ਼ਿਆਂ ਅਤੇ ਰੁਝੇਵਿਆਂ ਵਿਚ। ਖਾਸ ਕਰ, ਉਹ ਕੇਂਦਰੀ ਵਿਸ਼ੇ ਜਿਵੇਂ ਕਿ ਅੰਗ੍ਰੇਜ਼ੀ, ਵੈਲਸ਼ (ਪਹਿਲੀ ਜਾਂ ਦੂਸਰੀ ਬੋਲੀ), ਹਿਸਾਬ ਅਤੇ ਵਿਗਿਆਨ ਵਿਚ ਕੀਤੀ ਜਾ ਰਹੀ ਉਨਤੀ ਦਾ ਮੁੱਲਾਂਕਣ ਕਰਨਗੇ।

ਅਧਿਆਪਕ ਇਹ ਨਿਰਨੇ ਬਣਾਵੇਗਾ ਕਿ ਕੇਂਦਰੀ ਵਿਸ਼ਿਆਂ ਵਿਚ ਤੁਹਾਡੇ ਬੱਚੇ ਨੇ ਜਿਹੜੀ ਉਨਤੀ ਕੀਤੀ ਹੈ ਉਹ ਰਾਸ਼ਟਰੀ ਪਾਠਕ੍ਰਮ ਦੇ ਕਿਹੜੇ ਮਿਆਰ ਨਾਲ ਮਿਲਦੀ ਹੈ। ਇਹ ਮੁੱਲਾਂਕਣ ਤੁਹਾਡੇ ਬੱਚੇ ਦੇ ਸਕੂਲ ਅਤੇ ਘਰ ਵਿਚ ਕੀਤੇ ਗਏ ਸਾਰੇ ਕੰਮ ਨੂੰ ਧਿਆਨ ਵਿਚ ਰੱਖਦੇ ਹੋਏ ਕੀਤਾ ਜਾਂਦਾ ਹੈ।

# ਮੇਰੇ ਬੱਚੇ ਦੀ ਸਕੂਲ ਵਿਚ ਪ੍ਰਗਤੀ ਬਾਰੇ ਮੈਨੂੰ ਕਿਵੇਂ ਪਤਾ ਲੱਗੇਗਾ?



ਤੁਹਾਨੂੰ ਤੁਹਾਡੇ ਬੱਚੇ ਦੀ ਪ੍ਰਗਤੀ ਬਾਰੇ ਸਾਲ ਵਿਚ ਘੱਟੋ-ਘੱਟ ਇਕ ਵਾਰੀ ਲਿਖਤੀ ਰੂਪ ਵਿਚ ਰਿਪੋਰਟ ਭੇਜੀ ਜਾਵੇਗੀ। ਤੁਹਾਨੂੰ ਆਪਣੇ ਬੱਚੇ ਦੇ ਅਧਿਆਪਕ ਨਾਲ ਮਿਲਣ ਦਾ ਮੌਕਾ ਵੀ ਦਿੱਤਾ ਜਾਵੇਗਾ।

ਰਾਸ਼ਟਰੀ ਪਾਠਕ੍ਰਮ ਦੇ ਮੁੱਲਾਂਕਣ ਵੱਜੋ ਇਕੱਠੀ ਕੀਤੀ ਗਈ ਜਾਣਕਾਰੀ ਸਾਲਾਨਾ ਰਿਪੋਰਟ ਦਾ ਭਾਗ ਬਣੇਗੀ। ਰਿਪੋਰਟ ਵਿਚ ਅਧਿਆਪਕ ਵੱਲੋ ਤੁਹਾਡੇ ਬੱਚੇ ਦੀਆਂ ਸ਼ਕਤੀਆਂ ਵਾਲੇ ਅਤੇ ਉਹ ਖੇਤਰ ਜਿਨ੍ਹਾਂ ਵਿਚ ਸੁਧਾਰ ਦੀ ਲੋੜ ਹੈ, ਹਾਜ਼ਰੀ ਅਤੇ ਪ੍ਰਾਪਤੀਆਂ ਬਾਰੇ ਫੀਡਬੈਕ ਵੀ ਸ਼ਾਮਲ ਹੋਵੇਗੀ। ਇਹ ਰਿਪੋਰਟ ਤੁਹਾਡੇ ਬੱਚੇ ਦੀ ਸਿੱਖਿਆ ਨਾਲ ਜੁੜੀਆਂ ਜ਼ਰੂਰਤਾਂ ਅਤੇ ਅੱਗੇ ਕੀਤੀ ਜਾਣ ਵਾਲੀਆਂ ਕਾਰਵਾਈਆਂ ਬਾਰੇ ਤੁਹਾਡੇ ਨਾਲ ਵਾਰਤਾਲਾਪ ਕਰਨ ਦਾ ਇਕ ਆਧਾਰ ਬਣੇਗੀ।

ਕੀਹ ਸਟੇਜ 3 ਦੇ ਅੰਤ ਤੇ, ਤੁਹਾਡੇ ਬੱਚੇ ਦੀ ਰਿਪੋਰਟ ਵਿਚ ਰਾਸ਼ਟਰੀ ਪਾਠਕ੍ਰਮ ਦਾ ਹਰ ਇਕ ਵਿਸ਼ਾ ਸ਼ਾਮਲ ਹੋਵੇਗਾ। ਇਹ ਤੁਹਾਨੂੰ ਤੁਹਾਡੇ ਬੱਚੇ ਦੀ ਪ੍ਰਗਤੀ ਅਤੇ ਰਾਸ਼ਟਰੀ ਪਾਠਕ੍ਰਮ ਦੇ ਮਿਆਰਾਂ ਤੇ ਉਸ ਦੀ ਪ੍ਰਾਪਤੀਆਂ ਉਤੇ ਇਕ ਸੰਖੇਪ ਤਸਵੀਰ ਪੇਸ਼ ਕਰੇਗਾ।

ਰਿਪੋਰਟ ਵਿਚ ਕੁਝ ਅਜਿਹੀ ਜਾਣਕਾਰੀ ਵੀ ਸ਼ਾਮਲ ਹੋਵੇਗੀ ਜਿਹੜੀ ਪੂਰੇ ਸਕੂਲ ਦੇ ਨਤੀਜਿਆਂ ਦੀ ਤੁਲਨਾ ਸਥਾਨਕ ਅਤੇ ਰਾਸ਼ਟਰੀ ਮਿਆਰਾਂ ਦੇ ਨਾਲ ਕਰੇਗੀ।

ਸਕੂਲ ਦੀ ਰਿਪੋਰਟਾਂ ਬਾਰੇ ਵਧੇਰੇ ਜਾਣਕਾਰੀ ਲਈ www.wales.gov.uk/educationandskills ਵੇਖੋ

# ਰਾਸ਼ਟਰੀ ਪਾਠਕ੍ਰਮ ਦੇ ਪੱਧਰ

## ਨੈਸ਼ਨਲ ਕਰੀਕੁਲਮ ਆਊਟਕੰਮਜ਼ 1, 2 ਅਤੇ 3

ਅਧਿਆਪਕ ਜੇਕਰ ਚਾਹੁਣ ਤਾਂ ਉਹ ਉਨ੍ਹਾਂ ਬੱਚਿਆਂ ਦੀ ਪ੍ਰਗਤੀ ਬਾਰੇ ਰਿਪੋਰਟ ਕਰ ਸਕਦੇ ਹਨ ਜਿਹੜੇ ਰਾਸ਼ਟਰੀ ਪਾਠਕ੍ਰਮ ਦੇ ਪਹਿਲੇ ਪੈੜ ਵੱਲ ਕੰਮ ਕਰ ਰਹੇ ਹਨ। ਇਸ ਵਾਸਤੇ ਅਧਿਆਪਕ ਤਿੰਨ "ਆਊਟਕੰਮ" ਪੈੜਾਂ ਦਾ ਪ੍ਰਯੋਗ ਕਰਦੇ ਹਨ ਜਿਹੜੇ ਲੈਵਲ 1 ਦੀ ਪ੍ਰਾਪਤੀ ਤੋਂ ਪਹਿਲਾਂ ਆਉਂਦੇ ਹੈ।

## ਨੈਸ਼ਨਲ ਕਰੀਕੁਲਮ ਲੈਵਲ 1, 2, 3 ਅਤੇ 4

ਕਈ ਬੱਚਿਆਂ ਵਾਸਤੇ, ਉਮੀਦ ਕੀਤੇ ਲੈਵਲ ਤੋਂ ਥੱਲੇ ਪ੍ਰਦਰਸ਼ਨ ਕਰਨਾ ਵੀ ਇਕ ਬਹੁਤ ਵੱਡੀ ਪ੍ਰਾਪਤੀ ਹੈ।

## ਨੈਸ਼ਨਲ ਕਰੀਕੁਲਮ ਲੈਵਲ 5

ਕੀਹ ਸਟੇਜ 3 ਦੇ ਅੰਤ ਤੇ ਬੱਚਿਆਂ ਨੂੰ ਇਸ ਲੈਵਲ ਤੇ ਹੋਣ ਦੀ ਆਸ ਰੱਖੀ ਜਾਂਦੀ ਹੈ – ਬਹੁਤ ਜ਼ਿਆਦਾ ਪਰ ਸਾਰੇ ਬੱਚੇ ਇਸ ਲੈਵਲ ਦੀ ਪ੍ਰਾਪਤੀ ਨਹੀਂ ਕਰਦੇ।

## ਨੈਸ਼ਨਲ ਕਰੀਕੁਲਮ ਲੈਵਲ 6, 7 ਅਤੇ 8

ਲੈਵਲ 6 ਜਾਂ ਉਸ ਤੋਂ ਉਤੇ ਦੀ ਪ੍ਰਾਪਤੀ ਇਹ ਇਹ ਦੱਸਦੀ ਹੈ ਕਿ ਬੱਚਾ ਔਸਤ ਪੱਧਰ ਤੋਂ ਉਪਰ ਪ੍ਰਾਪਤੀ ਕਰ ਰਿਹਾ ਹੈ।

## ਐਕਸੈਪਸ਼ਨਲ ਪਰਫ਼ੋਰਮਨਸ (ਈ ਪੀ)

ਕਈ ਬੱਚਿਆਂ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਉਮੀਦ ਕੀਤੇ ਲੈਵਲ ਤੋਂ ਬਹੁਤ ਉਪਰ ਪ੍ਰਾਪਤੀ ਕਰਨਗੇ।

## ਐਨ – ਕੋਈ ਪੱਧਰ ਨਹੀ ਦਿਤਾ ਗਿਆ

ਬਹੁਤ ਹੀ ਵਿਰਲੇ, ਕਈ ਵਾਰੀ ਅਜਿਹੇ ਹਾਲਾਤ ਹੁੰਦੇ ਹਨ ਜਿਨ੍ਹਾਂ ਕਰਕੇ ਸਕੂਲ ਕੋਲ ਇਨੀ ਜਾਣਕਾਰੀ ਅਤੇ ਸਬੂਤ ਨਹੀਂ ਹੁੰਦਾ ਜਿਸ ਉਤੇ ਅਧਿਆਪਕ ਆਪਣਾ ਮੁਲੱਾਂਕਣ ਆਧਾਰ ਕਰ ਸਕੇ।

## ਡੀ – ਲਾਗੂ ਨਹੀਂ ਕੀਤਾ

ਕਈ ਹਾਲਾਤ ਵਿਚ ਮੁੱਖ ਅਧਿਆਪਕ ਇਹ ਨਿਰਨੇ ਲੈ ਸਕਦਾ/ਦੀ ਹੈ ਕਿ ਰਾਸ਼ਟਰੀ ਪਾਠਕ੍ਰਮ ਦਾ ਸਾਰਾ ਜਾਂ ਕੁਝ ਭਾਗ ਵਿਅਕਤੀ ਉਤੇ ਵਿਹਾਰ ਨਹੀਂ ਹੁੰਦਾ, ਮਿਸਾਲ ਵੱਜੋ ਕਿਉਂਕਿ ਬੱਚੇ ਨੂੰ ਖਾਸ ਸਿੱਖਿਆ ਦੀ ਲੋੜ ਹੈ।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਸਾਰੇ ਬੱਚੇ ਸਿੱਖਿਆ ਦੀ ਪ੍ਰਾਪਤੀਆਂ ਵੱਖਰੇ ਦਰ ਤੇ ਹਾਸਲ ਕਰਦੇ ਹਨ, ਪਰ ਪ੍ਰਾਇਮਰੀ ਸਕੂਲ ਦੇ ਅੰਤ ਤੇ ਇਹ ਆਸ ਰੱਖੀ ਜਾਂਦੀ ਹੈ ਕਿ ਜ਼ਿਆਦਾਤਰ ਬੱਚੇ ਰਾਸ਼ਟਰੀ ਪਾਠਕ੍ਰਮ ਦੇ ਹਰ ਇਕ ਕੇਂਦਰੀ ਵਿਸ਼ੇ ਵਿਚ ਲੈਵਲ 4 ਪ੍ਰਾਪਤ ਕਰਨਗੇ।

ਰਾਸ਼ਟਰੀ ਪਾਠਕ੍ਰਮ ਦੇ ਲੈਵਲ ਦੀ ਪਰਿਭਾਸ਼ਾ ਉਤੇ ਵਧੇਰੇ ਜਾਣਕਾਰੀ ਵਾਸਤੇ ਵੇਖੋ www.wales.gov.uk/educationandskills



## ਪੜ੍ਹਨ ਅਤੇ ਹਿਸਾਬੀ ਗਿਆਨ ਦੇ ਟੈਸਟ ਲਈ ਅੰਕ ਦੇਣੇ ਅਤੇ ਰਿਪੋਰਟ ਦੇਣੀ

ਟੈਸਟਾਂ ਦੇ ਅੰਕ ਸਕੂਲਾਂ ਵਿੱਚ ਦਿੱਤੇ ਜਾਣਗੇ ਅਤੇ ਸਿੱਖਿਆਰਥੀ ਦੇ ਕੱਚੇ ਅੰਕਾਂ ਨੂੰ ਮਿਆਰੀਕ੍ਰਿਤ ਅੰਕਾਂ ਅਤੇ ਉਮਰ ਦੀ ਬਰਾਬਰੀ ਵਾਲੇ ਅੰਕਾਂ ਵਿੱਚ ਬਦਲ ਦਿੱਤਾ ਜਾਵੇਗਾ। ਮਿਆਰੀਕ੍ਰਿਤ ਅੰਕ ਇਹ ਦਰਸਾਉਣਗੇ ਕਿ ਵੇਲਜ਼ ਵਿੱਚ ਟੈਸਟ ਦੇਣ ਵਾਲੇ ਉਸੇ ਉਮਰ ਦੇ ਦੂਜੇ ਬੱਚਿਆਂ ਦੀ ਤੁਲਨਾ ਵਿੱਚ ਟੈਸਟ ਵਿੱਚ ਤੁਹਾਡੇ ਬੱਚੇ ਦਾ ਪ੍ਰਦਰਸ਼ਨ ਕਿਹੋ ਜਿਹਾ ਹੈ। ਉਮਰ ਦੀ ਬਰਾਬਰੀ ਵਾਲੇ ਅੰਕ ਤੁਹਾਨੂੰ ਦੱਸਣਗੇ ਕਿ ਇਸ ਗੱਲ ਦੇ ਅਧਾਰ 'ਤੇ ਕਿ ਤੁਹਾਡੇ ਬੱਚੇ ਨੇ ਟੈਸਟ ਵਿੱਚ ਕਿਹੋ ਜਿਹੀ ਕਾਰਗੁਜ਼ਾਰੀ ਦਿਖਾਈ ਹੈ, ਕੀ ਉਸ ਦੀ ਪੜ੍ਹਨ ਦੀ ਉਮਰ (ਜਾਂ ਹਿਸਾਬੀ ਗਿਆਨ ਲਈ ਬਰਾਬਰ ਦੀ ਉਮਰ), ਉਹਨਾਂ ਦੀ ਅਸਲ ਉਮਰ ਦੇ ਬਰਾਬਰ ਹੈ, ਉਸ ਤੋਂ ਵੱਧ ਹੈ ਜਾਂ ਘੱਟ ਹੈ। ਤੁਹਾਨੂੰ ਇਹ ਅੰਕ ਆਪਣੇ ਬੱਚੇ ਦੇ ਸਕੂਲ ਦੀ ਰਿਪੋਰਟ ਵਿੱਚੋਂ ਮਿਲਣਗੇ।

ਅੰਕ ਇਸ ਬਾਰੇ ਸੇਧ ਦੇ ਤੌਰ 'ਤੇ ਕੰਮ ਕਰਦੇ ਹਨ ਕਿ ਤੁਹਾਡਾ ਬੱਚਾ ਪੜ੍ਹਨ ਅਤੇ ਹਿਸਾਬੀ ਗਿਆਨ ਵਿੱਚ ਕਿਹੋ ਜਿਹਾ ਪ੍ਰਦਰਸ਼ਨ ਕਰ ਰਿਹਾ ਹੈ। ਟਰਮ ਰਿਪੋਰਟ ਦੇ ਅਖੀਰ ਵਿੱਚ ਤੁਹਾਡੇ ਬੱਚੇ ਦਾ ਅਧਿਆਪਕ ਇਹਨਾਂ ਖੇਤਰਾਂ ਵਿੱਚ ਉਸ ਦੇ ਪ੍ਰਦਰਸ਼ਨ ਦੀ ਮੁਕੰਮਲ ਤਸਵੀਰ ਦੇਵੇਗਾ।

# ਸਕੂਲ ਦੀਆਂ ਰਿਪੋਰਟਾਂ



## ਸਕੂਲ ਵੱਲੋ ਰਿਪੋਰਟ ਅਤੇ ਹੋਰ ਵਧੇਰੇ ਜਾਣਕਾਰੀ ਕੌਣ ਪ੍ਰਾਪਤ ਕਰ ਸਕਦਾ ਹੈ?

ਤੁਸੀਂ ਆਪਣੇ ਬੱਚੇ ਦੀ ਸਕੂਲੀ ਰਿਪੋਰਟ ਦੀ ਨਕਲ ਪ੍ਰਾਪਤ ਕਰਨ ਦੇ ਹੱਕਦਾਰ ਹੋ। ਤੁਸੀਂ ਗਵਰਨਰ ਦੀ ਸਾਲਾਨਾ ਰਿਪੋਰਟ ਦੀ ਨਕਲ ਪ੍ਰਾਪਤ ਕਰਨ ਦੇ ਵੀ ਹੱਕਦਾਰ ਹੋ।

ਉਹ ਮਾਪੇ ਜਿਹੜੇ ਤਲਾਕਸ਼ੁਧ ਜਾਂ ਇਕ ਦੂਸਰੇ ਤੋਂ ਵੱਖ ਰਹਿੰਦੇ ਹਨ ਅਤੇ ਉਹ ਜਿਨ੍ਹਾਂ ਕੋਲ ਬੱਚੇ ਦੀ ਮਾਪਿਆਂ ਦੀ ਜ਼ਿਮੇਵਾਰੀ ਹੋਵੇ ਇਹ ਸਭ ਜਾਣਕਾਰੀ ਦੇ ਬਰਾਬਰ ਹੱਕਦਾਰ ਹਨ ਉਦੋਂ ਜਦ ਤੱਕ ਜੇਕਰ ਕੋਈ ਅਦਾਲਤੀ ਆਡਰ ਇਸ ਤੋਂ ਰੋਕਦਾ ਨਾ ਹੋਵੇ।

ਮਾਂਪੇ/ਨਿਗਰਾਨ ਅਤੇ ਮਾਪਿਆਂ ਦੀਆਂ ਜ਼ਿਮੇਵਾਰੀਆਂ ਉਤੇ ਵਧੇਰੇ ਜਾਣਕਾਰੀ ਵਾਸਤੇ ਵੇਖੋ www.wales.gov.uk/educationandskills

## ਹੋਰ ਜਾਣਕਾਰੀ ਚਾਹੀਦੀ ਹੈ?

ਤੁਸੀਂ ਵਧੇਰੇ ਜਾਣਕਾਰੀ ਹੇਠਾਂ ਦਿਤੇ ਸ੍ਰੋਤਾਂ ਤੋਂ ਪ੍ਰਾਪਤ ਕਰ ਸਕਦੇ ਹੋ।

- ਤੁਹਾਡਾ ਸਕੂਲ – ਆਪਣੇ ਬੱਚੇ ਦੇ ਅਧਿਆਪਕ, ਮੁੱਖ ਅਧਿਆਪਕ ਜਾਂ ਗਾਵਰਨਿੰਗ ਸਭਾ ਦੇ ਕਿਸੇ ਮੈਂਬਰ ਨਾਲ ਗੱਲ ਕਰੋ।
- ਤੁਹਾਡੀ ਸਥਾਨਕ ਅਥਾਰਟੀ
  www.wales.gov.uk/educationandskills
  www.wales.gov.uk/schoolsinfo4parents
- ਸਾਡੀ ਵੈਬਸਾਈਟ ਵੇਖੋ www.careerswales.com

## ਜੇਕਰ ਮੈਨੂੰ ਕੋਈ ਚਿੰਤਾ ਹੋਵੇ ਤਾਂ ਮੈਂ ਕਿਸ ਨਾਲ ਗੱਲ ਕਰਾਂ?

ਜੇਕਰ ਤੁਹਾਨੂੰ ਕੋਈ ਚਿੰਤਾ ਹੈ, ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਸੱਭ ਤੋਂ ਪਹਿਲਾਂ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ। ਜੇਕਰ ਤੁਹਾਡੇ ਬੱਚੇ ਦੇ ਸਕੂਲ ਨੇ ਚਿੰਤਾ ਜਾ ਸ਼ਿਕਾਇਤ ਵਾਸਤੇ ਕੋਈ ਪ੍ਰਮੁੱਖ ਸੰਪਰਕ ਨਿਯੁਕਤ ਕੀਤਾ ਹੈ ਤਾਂ ਤੁਹਾਨੂੰ ਇਸ ਵਿਅਕਤੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਜੇਕਰ ਤੁਸੀ ਫਿਰ ਵੀ ਚਿੰਤਿਤ ਹੋ, ਤੁਸੀਂ ਆਪਣੀ ਚਿੰਤਾ ਸ਼ਿਕਾਇਤ ਵੱਜੋ ਦਰਜ ਕਰ ਸਕਦੇ ਹੋ। ਸਕੂਲ ਦੀ ਸ਼ਿਕਾਇਤਾਂ ਨਾਲ ਕਿਵੇਂ ਨਜਿਠਣ ਬਾਰੇ ਨੀਤੀ ਤੁਹਾਨੂੰ ਦੱਸੇਗੀ ਕਿ ਇਹ ਕਿਵੇਂ ਕੀਤੀ ਜਾ ਸਕਦੀ ਹੈ।

## ਸਕੂਲ ਬੈਂਡਿੰਗ

ਬੈਂਡਿੰਗ ਸਕੂਲਾਂ ਨੂੰ ਵਰਗੀਕ੍ਰਿਤ ਕਰਨ, ਨਾਮ ਦੇਣ ਜਾਂ ਸ਼ਰਮਿੰਦਾ ਕਰਨ, ਜਾਂ ਲੀਗ ਟੇਬਲ ਬਣਾਉਣ ਬਾਰੇ ਨਹੀਂ ਹੈ। ਇਹ ਸਕੂਲਾਂ ਨੂੰ ਸਮੂਹਾਂ ਵਿੱਚ ਵੰਡਣ ਬਾਰੇ ਹੈ ਤਾਂ ਜਾਂ ਜੋ ਪਛਾਣਿਆ ਜਾ ਸਕੇ ਕਿ ਕਿਨ੍ਹਾਂ ਨੂੰ ਸਹਾਇਤਾ ਦੀ ਲੋੜ ਹੈ ਅਤੇ ਕਿਨ੍ਹਾਂ ਤੋਂ ਅਸੀਂ ਸਿਖ ਸਕਦੇ ਹਾਂ। ਬੈਂਡਿੰਗ ਨਾਲ ਵੇਲਜ਼ ਭਰ ਵਿੱਚ ਸਕੂਲਾਂ ਵਿੱਚ ਪ੍ਰਭਾਵਸ਼ਾਲੀ ਸੁਧਾਰ ਲਿਆਉਣ ਵਿੱਚ ਮਦਦ ਮਿਲੇਗੀ।

*www.wales.gov.uk/schoolsinfo4parents*

# ਬਿਨਾਂ ਕਿਸੇ ਅੜਚਨ ਦੇ ਕੀਹ ਸਟੇਜ 4 ਵਿੱਚ ਜਾਣਾ

ਬੱਚੇ ਆਪਣੀ ਆਵੱਸ਼ਕ ਸਿੱਖਿਆ ਦੇ ਆਖਰੀ ਦੋ ਸਾਲਾਂ ਵਿਚ ਉਸ ਪਾਠਕ੍ਰਮ ਨੂੰ ਪੂਰਾ ਕਰਨਗੇ ਜਿਸ ਵਿਚ ਅੰਗ੍ਰਜ਼ੀ, ਵੈਲਸ਼, ਹਿਸਾਬ ਅਤੇ ਵਿਗਿਆਨ ਸ਼ਾਮਲ ਹੋਵੇਗਾ।

ਉਨ੍ਹਾਂ ਨੂੰ ਸਰੀਰਕ ਸਿੱਖਿਆ, ਧਾਰਮਿਕ ਸਿੱਖਿਆ, ਨਿਜੀ ਅਤੇ ਸਮਾਜਕ ਸਿੱਖਿਆ, ਜਿਨਸੀ ਸਿੱਖਿਆ ਬਾਰੇ ਆਪਣੀ ਪੜ੍ਹਾਈ ਜਾਰੀ ਰੱਖਣੀ ਪਵੇਗੀ ਅਤੇ ਇਸ ਦੇ ਨਾਲ ਨਾਲ ਉਨ੍ਹਾਂ ਨੂੰ ਨੌਕਰੀ-ਪੇਸ਼ਾ ਅਤੇ ਕੰਮ-ਕਾਜ ਦੀ ਦੁਨੀਆਂ ਬਾਰੇ ਵੀ ਸਿੱਖਿਆ ਮੁਹੱਈਆ ਕੀਤੀ ਜਾਵੇਗੀ।

ਬਹੁਤ ਸਾਰੇ ਬੱਚੇ ਉਨ੍ਹਾਂ ਕੋਰਸਾਂ ਦੀ ਚੋਣ ਵੀ ਕਰਨਗੇ ਜਿਨ੍ਹਾਂ ਤੋਂ ਯੋਗਤਾਵਾਂ ਮਿਲਣਗੀਆਂ ਜਿਵੇਂ ਕਿ ਜਨਰਲ ਸਰਟੀਫੀਕੇਟ ਔਫ ਸੈਕੰਡਰੀ ਐਜੂਕੇਸ਼ਨ (ਜੀ ਸੀ ਐਸ ਈ)।

ਸਕੂਲ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ\ਨਿਗਰਾਨਾਂ ਨੂੰ ਵਧੇਰੇ ਜਾਣਕਾਰੀ ਅਤੇ ਸਹਾਇਤਾ ਪੇਸ਼ ਕਰਦੇ ਹਨ ਤਾਂ ਕਿ ਉਹ ਉਸ ਸਿੱਖਿਆ ਬਾਰੇ ਚੰਗੇ ਨਿਰਨੇ ਕਰਨ ਵਿਚ ਮਦਦ ਕਰ ਸਕਣ ਜਿਹੜੇ 14 ਸਾਲ ਅਤੇ ਉਸ ਤੋਂ ਅੱਗੇ ਦੀ ਉਮਰ ਵਿਚ ਬਣਾਉਣੇ ਪੈਂਦੇ ਹਨ।

# ਕੀਹ ਸਟੇਜ 4 ਵਿਚ ਚੋਣਾਂ

ਕੀਹ ਸਟੇਜ 3 (ਯਿਅਰ 9) ਦੇ ਅਖੀਰਲੇ ਸਾਲ ਵਿਚ, ਸਥਾਨਕ ਅਥਾਰਟੀ ਦੁਆਰਾ ਚਲਾਏ ਜਾਂਦੇ ਸੈਕੰਡਰੀ ਸਕੂਲਾਂ ਵਿਚ ਪੜ੍ਹ ਰਹੇ ਨੌਜਵਾਨਾਂ ਨੂੰ ਘੱਟੋ ਘੱਟ 30 ਕੋਰਸਾਂ ਵਿਚ ਸਿੱਖਿਆ ਪ੍ਰਾਪਤ ਕਰਨ ਦੀ ਚੋਣ ਦਿਤੀ ਜਾਵੇਗੀ। ਇਨ੍ਹਾਂ ਵਿਚੋਂ ਤਕਰੀਬਨ ਪੰਜ ਪੇਸ਼ਾਵਰਾਨਾ ਜਾਂ ਜ਼ਿਆਦਾ ਨੌਕਰੀ–ਪੇਸ਼ੇ ਜਾਂ ਵਿਹਾਰਕ ਆਧਾਰ ਉਤੇ ਅਧਾਂਰਤ ਕੋਰਸ ਹੋਣਗੇ।

ਇਸ ਨਾਲ ਉਹ ਇਕ ਕਾਫੀ ਵਿਆਪਕ ਅਤੇ ਸੰਤੁਲਨ ਪਾਠਕ੍ਰਮ ਤੇ ਚੱਲ ਸਕਣਗੇ ਅਤੇ ਅਜਿਹੇ ਕੋਰਸ ਚੁਣ ਸਕਣਗੇ ਜਿਹੜੇ ਬੱਚਿਆ ਨੂੰ ਦਿਲਚਸਪ ਲਗਦੇ ਹਨ ਅਤੇ ਉਤੇਜਿਤ ਕਰਦੇ ਹਨ। ਇਹ ਕੀਹ ਸਟੇਜ 4 ਦੇ ਅੰਤ ਵਿਚ ਚੰਗੇ ਪਰਿਣਾਮ ਹਾਸਲ ਕਰਨ ਵਿਚ ਉਨ੍ਹਾਂ ਦੀ ਮਦਦ ਕਰੇਗਾ।

ਕੀਹ ਸਟੇਜ 4 ਵਿਚ ਨੌਜਵਾਨਾਂ ਕੋਲ ਲਰਨਰ ਸਪੋਰਟ ਸਰਵਿਸ, ਜਿਸ ਵਿਚ ਲਰਨਿੰਗ ਕੋਚਿੰਗ ਵੀ ਸ਼ਾਮਲ ਹੈ, ਮੁਹੱਈਆ ਕੀਤੀ ਜਾਵੇਗਾ ਤਾਂ ਕਿ ਸਿੱਖਿਆ ਵਿਚ ਆਉਣ ਵਾਲੀਆਂ ਰੁਕਾਵਟਾਂ ਉਤੇ ਕਾਬੂ ਪਾਉਣ ਵਿਚ ਉਨ੍ਹਾਂ ਦੀ ਮਦਦ ਕੀਤੀ ਜਾ ਸਕੇ।



## ਵੈਲਸ਼ ਬੈਚਲੌਰੇਟ

ਵੇਲਜ਼ ਵਿਚ ਬਹੁਤ ਸਾਰੇ ਸਕੂਲ ਹੁਣ ਵੈਲਸ਼ ਬੈਚਲੌਰੇਟ ਯੋਗਤਾ ਵੀ ਮੁਹੱਈਆ ਕਰਦੇ ਹਨ। ਇਸ ਦੇ ਦੋ ਭਾਗ ਹਨ – ਕੇਂਦਰੀ ਅਤੇ ਚੋਣਾਂ। ਕੇਂਦਰੀ ਭਾਗ ਆਵੱਸ਼ਕ ਹੈ ਅਤੇ ਇਸ ਦੇ ਪੰਜ ਭਾਗ ਹਨ;

- ਅਸੈਂਸ਼ਿਅਲ ਸਕਿਲਜ਼ ਵੇਲਜ਼ ਐਂਡ ਕੀਹ ਸਕਿਲਜ਼
- ਵਰਕ–ਰਿਲੇਟਿਡ ਐਜੂਕੇਸ਼ਨ
- ਵੇਲਜ਼, ਯੋਰੋਪ ਅਤੇ ਵ੍ਰਲਡ
- ਪਰਸਨਲ ਐਂਡ ਸੋਸ਼ਲ ਐਜੂਕੇਸ਼ਨ
- ਇੰਡਿਵੀਜੁਅਲ ਇਨਵੈਸਟੀਗੇਸ਼ਨ



ਸਿੱਖਿਆਰਥੀ ਆਪਣੀ ਯੋਗਤਾ ਵਾਸਤੇ ਚੋਣਾਂ ਉਨ੍ਹਾਂ ਵਿਕਲਪਾਂ ਵਿਚੋਂ ਕਰਦੇ ਹਨ ਜਿਹੜੇ ਸਕੂਲ ਵਿਚ ਮੁਨਾਸਬ ਪੱਧਰਾਂ ਉਤੇ ਤਜਵੀਜ਼ ਕੀਤੇ ਜਾਂਦੇ ਹਨ। ਇਹ ਜੀ ਸੀ ਐਸ ਈਜ਼ ਜਾਂ ਪੇਸ਼ਾਵਰਾਨਾ ਯੋਗਤਾਂਵਾਂ ਵੀ ਹੋ ਸਕਦੀਆਂ ਹਨ, ਜੋ ਵੀ ਵਿਅਕਤੀਗਤ ਸਿੱਖਿਆਰਥੀ ਲਈ ਵਾਜਬ ਹੋਵੇ।

14–19 ਸਾਲ ਦੀ ਉਮਰ ਵਾਲਿਆਂ ਲਈ ਯੋਗਤਾਵਾਂ ਦੀ ਸਮੀਖਿਆ ਦੇ ਬਾਅਦ ਵੈਲਸ਼ ਸਰਕਾਰ ਸਤੰਬਰ 2015 ਤੋਂ ਸ਼ੁਰੂ ਹੋਣ ਵਾਲੇ ਕੁਝ ਕੋਰਸਾਂ ਲਈ ਵੈਲਸ਼ ਬੈਕਲੌਰਿਏਟ ਵਿੱਚ ਕੁਝ ਤਬਦੀਲੀਆਂ ਕਰੇਗੀ।

ਵੈਲਸ਼ ਬੈਕਲੌਰਿਏਟ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਇਸ ਵੈਬਸਾਈਟ ਤੇ ਜਾਓ: www.wales.gov.uk/topics/educationandskills/qualificationsinwales/qualificationtypesinwales/welshbac

ਅਤੇ ਯੋਗਤਾਵਾਂ ਦੀ ਸਮੀਖਿਆ ਬਾਰੇ ਜਾਣਕਾਰੀ ਲਈ ਇਸ ਵੈਬਸਾਈਟ ਤੇ ਜਾਓ: www.wales.gov.uk/ topics/educationandskills/qualificationsinwales

# ਕੀਹ ਸਟੇਜ 4 ਵਿਚ ਨੌਕਰੀ ਪੇਸ਼ੇ ਅਤੇ ਕੰਮ ਕਾਰ ਦੀ ਦੁਨੀਆ ਬਾਰੇ ਸੋਚਣਾ

## ਮੇਰਾ ਬੱਚਾ ਕੀ ਆਸ ਰੱਖ ਸਕਦਾ ਹੈ?

- ਨੌਕਰੀ ਪੇਸ਼ਾ ਅਤੇ ਕੰਮ ਕਾਰ ਦੀ ਦੁਨੀਆ ਸਕੂਲ ਦੇ ਪਾਠਕ੍ਰਮ ਦਾ ਇਕ ਅਹਿਮ ਭਾਗ ਹੈ ਅਤੇ ਇਹ ਬੱਚਿਆਂ ਨੂੰ ਭਵਿਖ ਵਿਚ ਕੰਮਕਾਰ ਲਈ ਤਿਆਰ ਕਰਨ ਵਿਚ ਮਦਦ ਵੀ ਕਰਦਾ ਹੈ। ਸਕੂਲਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੱਚਿਆਂ ਕੋਲ ਕੰਮ ਕਾਰ ਦੀ ਦੁਨੀਆ, ਨਿਪੁੰਨਤਾਵਾਂ, ਗਿਆਨ ਅਤੇ ਨਿਯੋਜਕਾਂ ਨੂੰ ਜਿਹੜੀਆਂ ਯੋਗਤਾਂਵਾਂ ਦੀ ਲੋੜ ਹੈ ਉਨ੍ਹਾਂ ਬਾਰੇ ਗਿਆਨ ਪ੍ਰਾਪਤ ਕਰਨ ਦੇ ਮੌਕੇ ਮੁਹੱਈਆ ਕੀਤੇ ਜਾਣ, ਅਤੇ ਕਿਸ ਤਰ੍ਹਾਂ ਦੀਆਂ ਨੌਕਰੀਆਂ ਉਪਲੱਬਦ ਹਨ ਉਨ੍ਹਾਂ ਚੋਣਾਂ ਬਾਰੇ ਜਾਣਕਾਰੀ ਵੀ ਮੁਹੱਈਆ ਕੀਤੀ ਜਾਵੇ।
- ਉਹ ਬੱਚੇ ਜਿਨ੍ਹਾਂ ਦੀ ਉਮਰ 14 ਤੋਂ 19 ਸਾਲ ਦਰਮਿਆਨ ਹੈ ਉਨ੍ਹਾਂ ਵਾਸਤੇ ਕੰਮ ਦਾ ਤਜਰਬਾ ਸਿੱਖਿਆ ਦਾ ਇਕ ਬਹੁਤ ਖਾਸ ਭਾਗ ਹੈ। ਇਹ ਉਨ੍ਹਾਂ ਨੂੰ ਆਪਣੇ ਗਿਆਨ ਅਤੇ ਸਮਝ ਵਿਚ ਵਾਧਾ ਲਿਆਉਣ ਦਾ ਮੌਕਾ ਦਿੰਦਾ ਹੈ ਅਤੇ ਉਨ੍ਹਾਂ ਨਿਪੁੰਨਤਾਵਾਂ ਨੂੰ ਵਿਕਸਿਤ ਕਰਦਾ ਹੈ ਜਿਹੜੀਆਂ ਉਨ੍ਹਾਂ ਨੂੰ ਕੰਮ ਕਾਰ ਦੀ ਦੁਨੀਆ ਵਿਚ, ਤੇ ਇਸ ਦੇ ਨਾਲ ਨਾਲ ਮੁਹਿੰਮ ਅਤੇ ਉਦੱਮਕਰਤਾ ਲਈ ਵੀ ਚਾਹੀਦੀਆਂ ਹਨ।

ਇਸ ਦੇ ਸਿਟੇ ਵੱਜੋ ਹੋ ਸਕਦਾ ਹੈ ਕਿ ਬੱਚੇ ਕਿਸੇ ਨਿਯੋਜਕ ਕੋਲ ਪਲੇਸਮੈਂਟ (ਕੱਚੇ ਤੌਰ ਤੇ ਕੰਮ) ਕਰਨ। ਹਾਲਾਂਕਿ ਸਕੂਲਾਂ ਵਾਸਤੇ ਇਹ ਜ਼ਰੂਰੀ ਨਹੀਂ ਹੈ ਕਿ ਉਹ ਕੰਮ ਦਾ ਤਜਰਬਾ ਮੁਹੱਈਆ ਕਰਨ, ਪਰ ਬਹੁਤ ਸਾਰੇ ਸਕੂਲ ਇਹ ਕਰਦੇ ਹਨ।



# 11-14 ਸਾਲ ਦੀ ਉਮਰ ਵਾਲਿਆਂ ਦੇ ਮਾਪਿਆਂ ਲਈ ਉਪਯੋਗੀ ਸੰਪਰਕ

ਉਪਯੋਗੀ ਸੰਪਰਕਾਂ ਦੀ ਇਹ ਸੂਚੀ ਤੁਹਾਡੀਆਂ ਜ਼ਿੰਦਗੀਆਂ ਵਿਚਲੇ ਬੱਚਿਆਂ ਨੂੰ ਸਮਰਥਨ ਦੇਣ ਵਿੱਚ ਤੁਹਾਡੀ ਮਦਦ ਕਰਨ ਲਈ ਹੋਰ ਜਾਣਕਾਰੀ ਹਾਸਲ ਕਰਨ ਵਿੱਚ ਮਾਪੇ ਦੇ ਰੂਪ ਵਿੱਚ ਤੁਹਾਡੀ ਮਦਦ ਕਰੇਗੀ।

---

***Bitesize** UK ਵਿੱਚ ਬੱਚਿਆਂ ਦੇ ਸਕੂਲ ਦੇ ਕੰਮ ਵਿੱਚ ਉਹਨਾਂ ਦੀ ਮਦਦ ਕਰਨ ਲਈ BBC ਦਾ ਮੁਫ਼ਤ ਔਨਲਾਈਨ ਸ੍ਰੋਤ ਹੈ।
www.bbc.co.uk/bitesize

---

***Childline** UK ਵਿੱਚ ਬੱਚਿਆਂ ਅਤੇ ਨੌਜਵਾਨਾਂ ਲਈ 24 ਘੰਟੇ ਚੱਲਣ ਵਾਲੀ ਇੱਕ ਗੁਪਤ ਸੇਵਾ ਹੈ ਜੋ ਬੱਚਿਆਂ ਨਾਲ ਦੁਰਵਿਹਾਰ ਤੋਂ ਲੈ ਕੇ ਡਰੱਗਜ਼ ਤਕ ਕਿਸੇ ਵੀ ਚਿੰਤਾਵਾਂ ਨਾਲ ਨਜਿੱਠਦੀ ਹੈ।
www.childline.org.uk

---

***Lovereading4kids** ਅਜਿਹੀਆਂ ਕਿਤਾਬਾਂ ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰੇਗੀ ਜੋ ਉਹਨਾਂ ਨੂੰ ਪ੍ਰੇਰਿਤ ਕਰਨਗੀਆਂ ਅਤੇ ਪੜ੍ਹਾਈ ਨਾਲ ਪਿਆਰ ਕਰਨ ਵਿੱਚ ਉਹਨਾਂ ਦੀ ਮਦਦ ਕਰਨਗੀਆਂ।
www.lovereading4kids.co.uk

---

***Sumdog** ਇੱਕ ਅਜਿਹੀ ਸਾਈਟ ਹੈ ਜੋ ਗਣਿਤ ਨੂੰ ਮਜ਼ੇਦਾਰ ਬਣਾਉਣ ਲਈ ਖੇਡਾਂ ਪੇਸ਼ ਕਰਦੀ ਹੈ। ਇਹਨਾਂ ਸਾਰੀਆਂ ਨੂੰ ਮੁਫ਼ਤ ਖੇਡਿਆ ਜਾ ਸਕਦਾ ਹੈ ਅਤੇ ਵਾਧੂ ਵਿਸ਼ੇਸ਼ਤਾਵਾਂ ਵਾਸਤੇ ਗਾਹਕ ਬਣਨ ਦੀ ਚੋਣ ਵੀ ਹੈ। www.sumdog.com

ਐਪਰੈਂਟਿਸਸ਼ਿਪਾਂ ਵਿਵਸਾਇਕ ਯੋਗਤਾਵਾਂ ਹੁੰਦੀਆਂ ਹਨ, ਵੇਲਜ਼ ਵਿੱਚ ਐਪਰੈਂਟਿਸਸ਼ਿਪ ਬਾਰੇ, ਅਤੇ ਇਸ ਬਾਰੇ ਪਤਾ ਲਗਾਓ ਕਿ ਇਹ ਪ੍ਰੋਗਰਾਮ ਤੁਹਾਡੇ ਬੱਚੇ ਲਈ ਕਿਉਂ ਸਹੀ ਹੋ ਸਕਦੇ ਹਨ। www.wales.gov.uk 'ਤੇ ਅਤੇ ਫੇਰ Apprenticeships Wales and Parents ਸੈਕਸ਼ਨ 'ਤੇ ਜਾਓ। www.wales.gov.uk

**Change4life** ਵਧੇਰੇ ਸਿਹਤਮੰਦ ਅਤੇ ਖੁਸ਼ ਰਹਿਣ ਵਿੱਚ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਮਦਦ ਲਈ ਤੁਹਾਨੂੰ ਸੁਝਾਅ ਅਤੇ ਨੁਸਖੇ ਦਿੰਦੀ ਹੈ। www.change4lifewales.org.uk

**ਤੁਹਾਡੇ ਬੱਚੇ ਦਾ ਸਕੂਲ ਕਿਹੋ ਜਿਹਾ ਪ੍ਰਦਰਸ਼ਨ ਕਰ ਰਿਹਾ ਹੈ?**
ਇੱਕ ਵੈਬਸਾਈਟ ਜੋ ਵੇਲਜ਼ ਭਰ ਵਿੱਚ ਸਕੂਲਾਂ ਦੇ ਪ੍ਰਦਰਸ਼ਨ ਬਾਰੇ ਜਾਣਕਾਰੀ ਮੁਹੱਈਆ ਕਰਦੀ ਹੈ।
www.mylocalschool.wales.gov.uk

***ਮਾਪਿਆਂ ਲਈ BBC ਸਲਾਹ**
ਹੋਮਵਰਕ ਵਿੱਚ ਮਦਦ ਤੋਂ ਲੈ ਕੇ ਵਿਸ਼ੇਸ਼ ਵਿਦਿਅਕ ਲੋੜਾਂ ਤਕ, ਪਤਾ ਲਗਾਓ ਕਿ ਸਕੂਲ ਵਿੱਚ ਤੁਹਾਡੇ ਬੱਚੇ ਦੀ ਮਦਦ ਕਿਵੇਂ ਕਰਨੀ ਹੈ।
www.bbc.co.uk/schools/parents

## MEIC

ਵੇਲਜ਼ ਵਿੱਚ ਬੱਚਿਆਂ ਅਤੇ ਨੌਜਵਾਨਾਂ ਲਈ ਇੱਕ ਗੁਪਤ ਹੈਲਪਲਾਈਨ ਸੇਵਾ ਹੈ। ਤੁਹਾਡੇ ਸਥਾਨਕ ਖੇਤਰ ਵਿੱਚ ਕੀ ਚਲ ਰਿਹਾ ਹੈ ਇਸ ਬਾਰੇ ਪਤਾ ਲਗਾਉਣ ਤੋਂ ਲੈ ਕੇ ਡਰਾਉਣ-ਧਮਕਾਉਣ ਨਾਲ ਨਜਿੱਠਣ ਵਿੱਚ ਮਦਦ ਕਰਨ ਬਾਰੇ।

www.meiccymru.org

## ਕਰੀਅਰ ਵੇਲਜ਼

ਤੁਹਾਡੇ ਬੱਚੇ ਦੇ ਭਵਿੱਖ ਦੇ ਕਰੀਅਰ ਲਈ ਫੈਸਲੇ ਲੈਣ ਲਈ ਉਸਦੀ ਮਦਦ ਕਰਨ ਬਾਰੇ ਜਾਣਕਾਰੀ ਅਤੇ ਸਲਾਹ ਲਈ।

www.careerswales.com

## Estyn

ਪਤਾ ਕਰੋ ਕਿ ਤੁਹਾਡੇ ਬੱਚੇ ਦਾ ਸਕੂਲ ਕਿਹੋ ਜਿਹਾ ਪ੍ਰਦਰਸ਼ਨ ਕਰ ਰਿਹਾ ਹੈ। www.estyn.gov.uk

** ਕਿਰਪਾ ਕਰਕੇ ਧਿਆਨ ਦੇਵੋ ਕਿ ਇਹ ਵੈਬਸਾਈਟ ਸਿਰਫ ਅੰਗਰੇਜ਼ੀ ਵਿੱਚ ਉਪਲਬਧ ਹੈ।*

